ੴ ਸਤਿਗੁਰ ਪ੍ਰਸਾਦਿ ॥

# ਬੁੱਧ ਮੱਤ ਅਤੇ ਗੁਰਮਤਿ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਬੁੱਧ ਮੱਤ ਅਤੇ ਗੁਰਮਤਿ

**ਬੁੱਧ ਮੱਤ :** ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ, ਬੁੱਧ ਮੱਤ ਮਹਾਤਮਾ ਬੁੱਧ ਜੀ ਦਾ ਚਲਾਹਿਆ ਹੋਇਆ ਹੈ। ਮਹਾਤਮਾ ਬੁੱਧ ਧਰਮ ਦੇ ਇਤਿਹਾਸ ਵਿਚ ਆਪਣਾ ਨਿਵੇਕਲਾ ਹੀ ਅਸਥਾਨ ਰਖਦੇ ਹਨ। ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਪ੍ਰਚਲਿਤ ਕਰਮ-ਕਾਂਡਾਂ ਨੂੰ ਹੀ ਨਹੀਂ ਨਿੰਦਿਆ, ਸਗੋਂ ਪੁਰਾਣੇ ਧਰਮ ਵਿਸ਼ਵਾਸਾਂ ਨੂੰ ਰੱਦ ਕਰਕੇ ਇਕ ਨਵੀਂ ਵਿਚਾਰਧਾਰਾ ਅਤੇ ਇਕ ਨਵਾਂ ਧਾਰਮਕ ਦ੍ਰਿਸ਼ਟੀਕੋਣ ਸੰਸਾਰ ਨੂੰ ਦਿੱਤਾ। ਇਸ ਕਰ ਕੇ ਉਨ੍ਹਾਂ ਦਾ ਜੀਵਨ ਅਤੇ ਵਿਚਾਰ ਧਰਮ ਦੇ ਵਿਦਿਆਰਥੀ ਲਈ ਬੜੇ ਦਿਲਚਸਪੀ ਭਰੇ ਹਨ। ਹੇਠਾਂ ਅਸੀਂ ਮਹਾਤਮਾ ਬੁੱਧ ਦਾ ਸੰਖੇਪ ਜੀਵਨ, ਉਨ੍ਹਾਂ ਦੇ ਧਰਮ ਸਿਧਾਂਤ ਅਤੇ ਉਨ੍ਹਾਂ ਧਰਮ-ਸਿਧਾਂਤਾਂ ਦੀ ਗੁਰਮਤਿ ਨਾਲ ਤੁਲਨਾ ਅੰਕਤ ਕਰ ਰਹੇ ਹਾਂ।

**ਮਹਾਤਮਾ ਬੁੱਧ ਦਾ ਜੀਵਨ :** ਮਹਾਤਮਾ ਬੁੱਧ ਦਾ ਜਨਮ 566 ਈ ਪੂਰਵ ਵਿਚ, ਹਿਮਾਲਾ ਦੀਆਂ ਪਹਾੜੀਆਂ ਦੇ ਕਪਿਲ-ਵਸਤੂਗਣਤੰਤਰ ਦੇ ਲੁੱਬਿਨੀ ਬਾਗ ਵਿਚ ਹੋਇਆ ਸੀ। ਉਹਨਾਂ ਦਾ ਪਿਤਾ ਸ਼ਧੋਦਨ ਕਪਿਲ-ਵਸਤੂਗਣਤੰਤਰ ਦਾ ਸ਼ਾਸਕ ਸੀ। ਉਹ ਖੱਤਰੀ ਜਾਤੀ ਦੇ ਸ਼ਾਕਯ ਗੋਤ੍ਰ ਵਿਚੋਂ ਸੀ। ਮਹਾਤਮਾ ਬੁੱਧ ਦੀ ਮਾਤਾ ਦਾ ਨਾਮ ਮਹਾਂਮਾਯਾ ਸੀ, ਜੋ ਬੁੱਧ ਨੂੰ ਜਨਮ ਦੇਣ ਦੇ 7 ਦਿਨਾਂ ਮਗਰੋਂ ਹੀ ਪਰਲੋਕ ਸਿਧਾਰ ਗਈ। ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੀ ਮਾਸੀ ਪ੍ਰਜਾਪਤੀ ਨੇ ਕੀਤਾ ।ਬੁੱਧ ਜੀ ਦਾ ਜਨਮ ਦਾ ਨਾਮ ਸਿਧਾਰਥ ਗੌਤਮ ਸੀ।

ਉਨ੍ਹਾਂ ਦਾ ਪਾਲਣ ਪੋਸ਼ਣ ਸ਼ਾਹੀ ਮਹਿਲਾਂ ਵਿਚ ਹੋਇਆ ਸੀ, ਇਸ ਲਈ ਜੁਆਨੀ ਦੀ ਉਮਰ ਤੀਕ ਉਹ ਆਮ ਲੋਕਾਂ ਬਾਰੇ ਕੁਝ ਨਾ ਜਾਣ ਸਕੇ।

ਉਹਨਾਂ ਦਾ ਵਿਆਹ ਸ਼ਹਿਜ਼ਾਦੀ ਯਸ਼ੋਧਰਾ ਨਾਲ ਹੋਇਆ। ਉਨ੍ਹਾਂ ਦੇ ਘਰ ਇਕ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਰਾਹੁਲ ਰੱਖਿਆ ਗਿਆ। ਪਰ ਪਤਨੀ ਅਤੇ ਪੁੱਤਰ ਦਾ ਪਿਆਰ ਉਨ੍ਹਾਂ ਦੀ ਖਿੱਚ ਦਾ ਕਾਰਨ ਨਾ ਬਣ ਸਕਿਆ, ਕਿਉਂਕਿ ਇਸ ਸੰਸਾਰ ਵਿਚ ਵਿਆਪਕ ਦੁਖ, ਤਬਦੀਲੀ, ਬੁਢਾਪੇ ਅਤੇ ਮੌਤ ਦੇ ਖਿਆਲ ਨੇ ਉਨ੍ਹਾਂ ਦੇ ਮਨ ਨੂੰ ਉਚਾਟ ਕਰ ਦਿੱਤਾ ਸੀ।

ਇਕ ਵਾਰ ਉਹ ਸੈਰ ਕਰਨ ਨਿਕਲੇ। ਉਨ੍ਹਾਂ ਨੇ ਇਕ ਅਜਿਹੇ ਆਦਮੀ ਨੂੰ ਵੇਖਿਆ ਜਿਸ ਦਾ ਕੁੱਬ ਨਿਕਲਿਆ ਹੋਇਆ ਸੀ ਤੇ ਜਿਹੜਾ ਡੰਗੋਰੀ ਦੀ ਸਹਾਇਤਾ ਨਾਲ ਵੀ ਬਹੁਤ ਹੌਲੀ ਹੌਲੀ ਚੱਲ ਰਿਹਾ ਸੀ। ਪੁੱਛੇ ਜਾਣ ਤੇ ਰਥਵਾਨ ਨੇ ਦੱਸਿਆ ਕਿ ਉਹ ਆਦਮੀ ਬੁੱਢਾ ਹੋ ਚੁੱਕਾ ਹੈ, ਤੇ ਬੁਢੇਪਾ ਸਭ ਉਤੇ ਹੀ ਆਉਂਦਾ ਹੈ। ਇਸ ਘਟਨਾ ਨੇ ਸਿਧਾਰਥ ਨੇ ਮਨ ਨੂੰ ਬਹੁਤ ਦੁਖੀ ਕੀਤਾ। ਇਸੇ ਤਰ੍ਹਾਂ ਹੀ ਇਕ ਵਾਰ ਬੀਮਾਰ ਨੂੰ ਤੇ ਇਕ ਕੋਹੜੀ ਨੂੰ ਵੇਖਿਆ। ਇਕ ਵਾਰ ਹਲ ਵਾਹੁੰਦੇ ਕਿਰਤੀਆਂ ਅਤੇ ਬੈਲਾਂ ਆਦਿ ਤੇ ਹੁੰਦੇ ਹੋਏ ਜ਼ੁਲਮਾਂ ਨੂੰ ਵੇਖਿਆ। ਇਨ੍ਹਾਂ ਸਭ ਘਟਨਾਵਾਂ ਨੇ ਸਿਧਾਰਥ ਦੇ ਮਨ ਉੱਤੇ ਡੂੰਘਾ ਅਸਰ ਕੀਤਾ ਅਤੇ ਉਸ ਨੇ ਸਚਾਈ ਨੂੰ ਜਾਨਣ, ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਅਤੇ ਭੈ, ਦੁਖ, ਮੌਤ ਤੋਂ ਮੁਕਤੀ ਪ੍ਰਾਪਤ ਕਰਨ ਦਾ ਫੈਸਲਾ ਕਰ ਲਿਆ।

ਇਕ ਰਾਤ ਜਦੋਂ ਉਸ ਦੀ ਪਤਨੀ ਤੇ ਬੱਚਾ ਸੁਤੇ ਪਏ ਸਨ, ਸਿਧਾਰਥ ਨੇ ਦੀਵੇ ਦੀ ਰੌਸ਼ਨੀ ਵਿਚ ਉਹਨਾਂ ਨੂੰ ਤੱਕਿਆ ਤੇ ਫਿਰ ਉਹ ਘੋੜੇ ਤੇ ਚੜ੍ਹ ਕੇ ਸ਼ਾਹੀ ਮਹਿਲਾਂ ਦੇ ਬਾਹਰ ਆ ਗਿਆ। ਕੁਝ ਦੂਰ ਪਹੁੰਚਣ ਮਗਰੋਂ ਉਸ ਨੇ ਘੋੜਾ, ਗਹਿਣੇ ਰਥਵਾਨ ਨੂੰ ਦੇ ਦਿਤੇ ਅਤੇ ਆਪਣੇ ਪਿਤਾ ਦੇ ਨਾਮ ਸੰਦੇਸ਼ ਵੀ ਉਸ ਨੂੰ ਦੇ ਦਿੱਤਾ। ਉਸ ਨੇ ਵਾਲ ਵੀ ਕਟਾ ਦਿਤੇ। ਇਕ ਸਾਧੂ ਦੇ ਨਾਲ ਆਪਣੇ ਕੱਪੜੇ ਵੀ ਬਦਲ ਲਏ। ਇੰਝ ਇਕ ਰਾਜਕੁਮਾਰ ਨੇ ਸਚਾਈ ਦੀ ਭਾਲ ਲਈ ਸਾਧੂਆਂ ਵਾਲਾ ਮਾਰਗ ਅਪਨਾ ਲਿਆ। ਉਸ ਸਮੇਂ ਉਸ ਦੀ ਉਮਰ 29 ਸਾਲਾਂ ਦੀ ਸੀ।

ਸਿਧਾਰਥ ਨੇ 'ਅਰਾਡ ਕਲਾਮ' ਨੂੰ ਆਪਣਾ ਧਾਰਮਿਕ-ਅਧਿਆਪਕ ਮੰਨ ਲਿਆ। ਉਸ ਤੋਂ ਸੁੰਨ-ਸਮਾਧੀ ਦੀ ਅਵਸਥਾ ਪ੍ਰਾਪਤ ਕਰਨ ਦੀ ਜਾਚ ਸਿੱਖੀ। ਇਸ ਅਵੱਸਥਾ ਤੇ ਪਹੁੰਚਣ ਲਈ ਸ਼ਰਧਾ, ਵੀਰਯ (ਸ਼ਕਤੀ), ਸਮਿਰਤੀ (ਚੇਤਨਾ), ਸਮਾਧੀ (ਇਕਾਗ੍ਰਤਾ), ਅਤੇ ਗਿਆਨ (ਪ੍ਰਜਣਾ) ਜ਼ਰੂਰੀ ਹੁੰਦੇ ਹਨ। ਸਿਧਾਰਥ ਨੇ ਇਹ ਸਭ ਕੁਝ ਕੀਤਾ, ਪਰ ਉਸ ਦੀ ਤਸੱਲੀ ਨਾ ਹੋਈ, ਉਸ ਨੂੰ ਨਿਰਵਾਣ-ਪ੍ਰਾਪਤੀ ਨਾ ਹੋਈ। ਫਿਰ ਉਸ ਨੇ ਉਦਰਕ ਰਾਮਪੁੱਤਰ ਨੂੰ ਗੁਰੂਧਾਰਨ ਕੀਤਾ। ਉਸ ਦੇ ਦੱਸੇ ਰਾਹ ਉਤੇ ਚੱਲ ਕੇ ਉਸਨੇ (ਸਿਧਾਰਥ ਨੇ) ਅਜਿਹੀ ਅਵੱਸਥਾ ਪ੍ਰਾਪਤ ਕਰ ਲਈ ਜਿਸ ਵਿਚ ਮਨ ਦੇ ਫੁਰਨੇ ਨਹੀਂ ਉਠਦੇ, ਮਨ ਖਾਲੀ ਹੋ ਜਾਂਦਾ ਹੈ। ਇਹ ਅਵੱਸਥਾ ਵੀ ਸਿਧਾਰਥ ਦੀ ਤਸੱਲੀ ਨਾ ਕਰਵਾ ਸਕੀ। ਸੋ ਉਸ ਨੇ ਉਦਰਕ ਦਾ ਸੰਗ ਵੀ ਛੱਡ ਦਿੱਤਾ।

ਫਿਰ ਸਿਧਾਰਥ ਗਯਾ ਵਿਚ 'ਉਰੂਵੇਲਾ' ਵਿਖੇ ਚਲਾ ਗਿਆ। ਉਥੇ ਉਸ ਨੇ ਸਾਹ ਤੇ ਕੰਟਰੋਲ ਕਰਨ ਦੇ ਯਤਨ ਅਤੇ ਵਰਤ-ਨੇਮ ਆਰੰਭ ਕੀਤੇ। 6 ਸਾਲ ਘੋਰ ਤਪੱਸਿਆ ਕੀਤੀ। ਨਿਰਵਾਣ-ਪ੍ਰਾਪਤੀ ਫਿਰ ਵੀ ਨਾ ਹੋ ਸਕੀ। ਫਿਰ ਉਹ ਇਕ ਪਿਪਲ ਦੇ ਦਰੱਖਤ ਹੇਠਾਂ ਬਹਿ ਕੇ ਭਗਤੀ ਕਰਨ ਲਗਾ। ਉਸ ਦਾ ਸਰੀਰ ਬਹੁਤ ਨਿਤਾਣਾ ਹੋ ਚੁਕਿਆ ਸੀ।

ਇਸ ਤੋਂ ਮਗਰੋਂ ਸਿਧਾਰਥ ਨੇ ਕਠਿਨ ਤਪੱਸਿਆਵਾਂ ਵਾਲਾ ਰਸਤਾ ਛੱਡ ਦਿੱਤਾ ਤੇ ਵਿਚਕਾਰਲਾ ਰਸਤਾ ਅਪਣਾਇਆ, ਜਿਸ ਵਿਚ ਨਾ ਤਾਂ ਕਠੋਰ ਤਪੱਸਿਆਵਾਂ ਦੀ ਲੋੜ ਸੀ ਤੇ ਨਾ ਹੀ ਸੰਸਾਰਕ ਵਸਤਾਂ ਨਾਲ ਹੀ ਮੋਹ ਪਾਉਣਾ ਸੀ।

ਵੈਸਾਖ ਦੀ ਪੂਰਨਮਾਸ਼ੀ ਨੂੰ ਉਹ ਬੋਧੀ ਦਰੱਖਤ ਹੇਠ ਬਹਿ ਗਿਆ। ਉਸ ਨੇ ਫੈਸਲਾ ਕੀਤਾ ਕਿ ਜਦੋਂ ਤਕ ਗਿਆਨ ਅਤੇ ਅਹਿਮ-ਸਚਾਈ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਉਥੇ ਹੀ ਬੈਠਾ ਰਹੇਗਾ। ਉਸੇ ਰਾਤ ਉਸ ਨੇ ਧਿਆਨ ਦੀਆਂ ਚਾਰੇ ਅਵੱਸਥਾਵਾਂ ਨੂੰ ਸੰਪੂਰਨ ਕੀਤਾ। ਉਸ ਨੂੰ ਪੂਰਨ ਗਿਆਨ ਹੋ ਗਿਆ। ਉਸ ਨੇ ਮਾਨਵੀ ਵਿਕਾਰਾਂ ਅਤੇ ਰੂਹਾਨੀ ਤਾਕਤਾਂ ਵਿਚਲੀ ਕਸ਼ਮਕਸ਼ ਤੋਂ ਵਿਰਵਾਣ ਪ੍ਰਾਪਤ ਕਰ ਲਿਆ। ਹੁਣ ਉਹ 'ਬੁੱਧ' ਬਣ ਗਿਆ ਸੀ। 'ਬੁੱਧ' ਉਹ ਹੈ ਜੋ ਵਸਤਾਂ ਦੀ ਅਸਲੀਅਤ ਨੂੰ ਸਮਝ ਲਵੇ। ਇਹ ਗਿਆਨ ਅਨੁਭਵ ਰਾਹੀਂ ਹੀ ਹੁੰਦਾ ਹੈ। ਇਸ ਨਾਲ ਛੇ ਸਿਧੀਆਂ ਵੀ ਪ੍ਰਾਪਤ ਹੋ ਜਾਂਦੀਆਂ ਹਨ।

ਇਸ ਮਗਰੋਂ ਬੁੱਧ ਨੇ 7 ਹਫ਼ਤੇ ਨਿਰਵਾਣ-ਪ੍ਰਾਪਤੀ ਦੀ ਅਨੰਦ ਅਵੱਸਥਾ ਵਿਚ ਗੁਜ਼ਾਰ ਦਿਤੇ।

ਫਿਰ ਬੁੱਧ ਨੇ ਆਪਣੇ ਮੱਤ ਦਾ ਪ੍ਰਚਾਰ ਕਰਨ ਲਈ ਪੈਦਲ ਯਾਤਰਾ ਆਰੰਭ ਕਰ ਦਿਤੀ। 6 ਦਿਨਾਂ ਮਗਰੋਂ 'ਵਾਰਾਣਸੀ' ਪੁੱਜ ਗਏ। ਉਨ੍ਹਾਂ ਨੇ ਪਹਿਲੀ ਸਿਖਿਆ ਸਾਰਨਾਥ ਵਿਖੇ ਦਿਤੀ ਅਤੇ ਮੱਧ-ਮਾਰਗ (ਅਸ਼ਟਾਂਗ-ਮਾਰਗ) ਦਾ ਪ੍ਰਚਾਰ ਕੀਤਾ। ਕਈ ਵਿਦਵਾਨ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਪੁਰਸ਼ ਤੇ ਇਸਤਰੀਆਂ ਉਸਦੇ ਪੈਰੋਕਾਰ ਬਣ ਗਏ। ਉਸਨੇ ਸਮਕਾਲੀ ਹਾਕਮਾਂ ਅਤੇ ਧਾਰਮਿਕ ਆਗੂਆਂ ਨੂੰ ਆਪਣੀਆਂ ਸਿਖਿਆਵਾਂ ਨਾਲ ਪ੍ਰਭਾਵਿਤ ਕੀਤਾ। ਮਗਧ, ਕੌਸ਼ਲ, ਕਾਂਸ਼ੀ, ਕੋਸੰਭੀ, ਅਵੰਤੀ ਅਤੇ ਗੰਧਾਰ ਦੇ ਰਾਜ, ਬੁੱਧ-ਮਤ ਦੇ ਸਰਪ੍ਰਸਤ ਬਣ ਗਏ।

ਮਹਾਤਮਾ ਬੁੱਧ ਪਿੰਡਾਂ ਵਿਚ ਵੀ ਗਏ। ਹਰ ਛੋਟਾ ਤੇ ਵੱਡਾ ਉਨ੍ਹਾਂ ਦੇ ਵਿਚਾਰਾਂ, ਰੌਸ਼ਨ ਦਿਮਾਗੀ ਅਤੇ ਸ਼ਖਸੀਅਤ ਤੋਂ ਪ੍ਰਭਾਵਿਤ ਹੋਇਆ। ਇਨ੍ਹਾਂ ਯਾਤਰਾਵਾਂ ਵਿਚ ਉਨ੍ਹਾਂ ਨਾਲ 125● ਸਾਧੂ ਹੁੰਦੇ ਸਨ।

ਮਹਾਤਮਾ ਬੁੱਧ ਨੇ ਆਪਣੀਆਂ ਸਿਖਿਆਵਾਂ ਸੰਸਕ੍ਰਿਤ, ਮਾਗਧੀ, ਪ੍ਰਾਕਿਤ ਅਤੇ ਕੌਸ਼ਲ ਤੇ ਮਗਧ ਦੀਆਂ ਹਰਮਨ ਪਿਆਰੀਆਂ ਉਪ-ਭਾਸ਼ਾਵਾਂ ਵਿਚ ਦਿਤੀਆਂ। ਉਹ ਸਥਾਨਕ ਲੋਕਾਂ ਦੀ ਬੋਲੀ ਵਿਚ ਹੀ ਉਨ੍ਹਾਂ ਨੂੰ ਉਪਦੇਸ਼ ਦਿੰਦੇ ਸਨ। ਉਨ੍ਹਾਂ ਨੇ ਕਿਸੇ ਵੀ ਭਾਸ਼ਾ ਨੂੰ 'ਦੇਵ-ਭਾਸ਼ਾ' ਦਾ ਦਰਜਾ ਨਹੀਂ ਦਿਤਾ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਕਿਸੇ ਵੀ ਮੱਤ ਨੂੰ ਪੂਰੀ ਤਰ੍ਹਾਂ ਪਰਖ ਕੇ ਅਪਨਾਉਣ; ਕਿਸੇ ਵੀ ਮਨੁੱਖ ਦੇਵਤੇ/ਬ੍ਰਾਹਮਣ ਵਿਚ ਇਸ ਕਰਕੇ ਸ਼ਰਧਾ ਨਾ ਲਿਆਉਣ ਕਿ ਉਸਨੂੰ ਮਹਾਨ ਸਮਝਿਆ ਜਾਂਦਾ ਹੈ। ਕਿਸੇ ਵੀ ਧਰਮ ਨੂੰ ਅੰਨ੍ਹੇ-ਵਾਹ ਨਾ ਅਪਨਾਈ ਜਾਣ, ਸਗੋਂ ਹਰ ਕੰਮ ਸੋਚ ਵਿਚਾਰ ਕੇ ਕਰਨ।

ਆਪਣੇ ਮੱਤ ਦੇ ਪ੍ਰਚਾਰ ਲਈ ਉਹ ਰਾਜਗ੍ਰਿਹਿ, ਵੈਸ਼ਾਲੀ, ਵਾਰਾਣਸੀ, ਸ਼ਾਵਸਤੀ, ਕੁਸ਼ੀਨਗਰ, ਕਪਿਲ-ਵਸਤੂ ਤੇ ਮਥੁਰਾ ਆਦਿਕ ਸ਼ਹਿਰਾਂ ਵਿਚ ਵੀ ਗਏ।

45 ਸਾਲ ਆਪਣੇ ਮੱਤ ਦਾ ਪ੍ਰਚਾਰ ਕਰਨ ਮਗਰੋਂ ਮਹਾਤਮਾ ਬੁੱਧ 8● ਸਾਲ ਦੀ ਉਮਰ ਵਿਚ, 486 ਈ: ਪੂ:, ਕਸ਼ੀ ਨਗਰ ਵਿਚ ਚਲਾਣਾ ਕਰ ਗਏ। ਉਨ੍ਹਾਂ ਦੇ ਚਲਾਣੇ ਕਰਨ ਨੂੰ 'ਮਹਾਂਨਿਰਵਾਣ ਦੀ ਪ੍ਰਾਪਤੀ' ਕਿਹਾ ਜਾਂਦਾ ਹੈ।

ਉਤਰੀ ਭਾਰਤ ਦੇ ਅੱਠ ਦੇਸ਼ਾਂ, ਮਗਧ ਦੀ ਰਾਜਧਾਨੀ, ਨਿਛਾਵਿਸ, ਸ਼ਾਕਯ ਮੱਲਸ ਆਦਿ ਵਿਚ ਉਨ੍ਹਾਂ ਦੇ ਭੌਤਿਕ ਸਰੀਰ ਦੀ ਵਿਭੂਤੀ ਵੰਡੀ ਗਈ। ਵਿਭੂਤੀ ਬੋਧੀ ਸਤੂਪਾਂ ਵਿਚ ਵੀ ਦਬਾਈ ਗਈ।

**ਬੁੱਧ ਮੱਤ ਦੇ ਸਿਧਾਂਤ :** ਮਹਾਤਮਾ ਬੁੱਧ ਜੀ ਦੁਆਰਾ ਪ੍ਰਚਾਰਿਆ ਗਿਆ ਮਤ ਗੈਰ-ਵੈਦਿਕ ਸੀ। ਉਨ੍ਹਾਂ ਨੇ ਵੇਦਾਂ ਵਿਚ ਆਏ ਕਈ ਵਿਚਾਰਾਂ ਅਤੇ ਬ੍ਰਾਹਮਣਾਂ ਦੀਆਂ ਕਈ ਰਹੁ-ਰੀਤਾਂ ਦਾ ਖੰਡਨ ਕੀਤਾ। ਉਹ ਜਾਤ ਪ੍ਰਥਾ ਦੇ ਵਿਰੁਧ ਸਨ ਅਤੇ ਯੱਗਾਂ ਵਿਚ ਪਸ਼ੂਆਂ ਆਦਿ ਦੀ ਬਲੀ ਦੇਣ ਦੇ ਵੀ ਵਿਰੁਧ ਸਨ। ਪੁਰਾਣੇ ਦੇਵਤਿਆਂ ਵਿਚ ਉਨ੍ਹਾਂ ਨੇ ਕੋਈ ਸ਼ਰਧਾ ਨਹੀਂ ਦੱਸੀ ਅਤੇ ਨਾ ਹੀ ਈਸ਼ਵਰ ਦੀ ਹੋਂਦ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸੇ ਕਰਕੇ ਹੀ ਉਹਨਾਂ ਦੇ ਮੱਤ ਨੂੰ ਨਾਸਤਕ ਮੱਤਾਂ ਦੇ ਵਰਗ ਵਿਚ ਗਿਣਿਆ ਜਾਂਦਾ ਹੈ।

ਮਹਾਤਮਾ ਬੁੱਧ ਦਾ ਧਰਮ ਸ਼ਰਮਣਵਾਦ ਦੀ ਉਪਜ ਹੈ। ਸ਼ਰਮਣਵਾਦ, ਸ਼ਰਮਣਾਂ ਅਤੇ ਮੁਨੀਆਂ ਦੁਆਰਾ ਪ੍ਰਚਾਰੇ ਅਤੇ ਪਰਤਾਏ ਗਏ ਵਿਚਾਰਾਂ ਅਤੇ ਆਦਰਸ਼ਾਂ ਨੂੰ ਕਹਿੰਦੇ ਹਨ। ਅਜਿਹਾ ਸਾਧੂਜਿਹੜਾ ਨੈਤਿਕ ਸੰਪੂਰਨਤਾ ਅਤੇ ਆਤਮਿਕ ਮੁਕਤੀ ਲਈ ਯਤਨ ਕਰਦਾ ਹੈ, ਉਸਨੂੰ ਸ਼ਰਮਣ ਕਹਿੰਦੇ ਹਨ। 'ਮੁਨੀ ਤੋਂ ਮੁਰਾਦ ਵੀ ਅਜਿਹੇ ਤਪੱਸਵੀ ਤੋਂ ਹੈ ਜਿਹੜਾ ਮੁਕਤੀ ਪ੍ਰਾਪਤੀ ਲਈ ਧਿਆਨ ਵਿਚ ਮਗਨ ਰਹਿੰਦਾ ਹੈ। ਸ਼ਰਮਣ ਵਾਦ ਪੂਰਵ-ਵੈਦਿਕ ਮੁੱਢ ਵਾਲਾ ਸੀ। ਜੈਨ, ਬੁੱਧ ਮੱਤ, ਯੋਗ ਅਤੇ ਸਾਂਖ ਦਰਸ਼ਨ ਦਾ ਇਹੀ ਮੂਲ ਹੈ।

ਮਹਾਤਮਾ ਬੁੱਧ ਕਿਉਂਕਿ ਵੈਦਿਕ ਰਿਸ਼ੀ ਤੇ ਬ੍ਰਾਹਮਣ ਨਹੀਂ ਸੀ, ਸਗੋਂ ਗੈਰ-ਵੈਦਿਕ ਪੈਗੰਬਰ ਸੀ, ਇਸ ਲਈ ਉਸ ਨੂੰ ਮਹਾ ਸ਼ਰਮਣ ਜਾਂ 'ਸ਼ਾਕਯ ਮੁਨੀ' ਕਰਕੇ ਯਾਦ ਕੀਤਾ ਜਾਂਦਾ ਹੈ। ਉਸ ਨੇ ਯੋਗ, ਗਿਆਨ, ਕਰਮ, ਸੰਸਾਰ, ਅਹਿੰਸਾ, ਨਿਰਵਾਣ ਆਦਿ ਸ਼ਾਰਮਣਿਕ ਸਿਧਾਂਤਾਂ ਦੀ ਸਿਖਿਆ ਦਿਤੀ।

ਹੇਠਾਂ ਬੁੱਧ ਦੀਆਂ ਬੁਨਿਆਦੀ ਸਿਖਿਆਵਾਂ ਦਾ ਵਰਨਣ ਕੀਤਾ ਜਾਂਦਾ ਹੈ।

**(1) ਤ੍ਰੀ ਰਤਨ (ਤਿੰਨ ਰਤਨ) :** ਬੁੱਧ, ਮੱਤ ਅਤੇ ਸੰਘ ਤਿੰਨ ਪਵਿੱਤਰ ਰਤਨ ਮੰਨੇ ਜਾਂਦੇ ਹਨ। 'ਬੁੱਧ' ਤੋਂ ਭਾਵ ਮਹਾਤਮਾ ਬੁੱਧ ਹੀ ਹੈ ਜੋ ਧਰਮ ਅਤੇ ਸਚਾਈ ਦਾ ਗਿਆਨ ਪ੍ਰਗਟ ਕਰਨ ਵਾਲਾ ਅਤੇ ਅਧਿਆਪਕ ਹੈ। ਦੁਖ਼ੀ ਲੋਕਾਂ ਨੂੰ ਉਸਨੇ ਸਚਾਈ ਅਤੇ ਨਿਰਵਾਣ ਦਾ ਰਾਹ ਵਿਖਾਇਆ। 'ਮੱਤ' ਤੋਂ ਭਾਵ ਮਹਾਤਮਾ ਬੁੱਧ ਦੀ ਉਹ ਸਿਖਿਆ ਹੈ, ਜਿਸ ਨਾਲ ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ। 'ਧਰਮ' ਦਾ ਭਾਵ ਸਦਾਚਾਰਕ ਤੇ ਧਾਰਮਿਕ ਸਭਿਆਚਾਰ ਤੋਂ ਹੈ। ਮਹਾਤਮਾ ਬੁੱਧ ਦੇ ਪੰਜ-ਭੌਤਿਕ ਸਰੀਰ ਦੇ ਨਿਵਾਸ਼ ਮਗਰੋਂ ਇਹ ਮੱਤ ਹੀ ਲੋਕਾਂ ਦਾ ਅਧਿਆਪਕ ਬਣ ਗਿਆ। 'ਸੰਘ' ਲਫ਼ਜ਼ ਬੋਧੀਆਂ ਦੇ ਭਾਈਚਾਰੇ ਲਈ ਵਰਤਿਆ ਜਾਂਦਾ ਹੈ, ਭਿਕਸ਼ੂ, ਭਿਕਸ਼ਣੀਆਂ, ਉਪਾਸ਼ਕਾਂ, ਬੋਧੀ-ਸੱਤਵ, ਅਰਹਤ ਅਤੇ ਪਹੁੰਚੇ ਹੋਏ ਮਹਾਤਮਾ, ਸਭ ਇਸ ਸੰਘ ਦੇ ਹੀ ਅੰਗ ਹਨ। ਆਦਰਸ਼ਕ ਸੰਘ ਵਿਚ ਮੁਕਤੀ-ਪ੍ਰਾਪਤ ਕਰ ਚੁਕੇ ਮਹਾਤਮਾ ਸ਼ਾਮਲ ਹਨ।

**(2) ਲਕਸ਼ਣ ਤ੍ਰੈਜਯ (Three Marks) :**

ਬੁੱਧ ਮੱਤ ਇਹ ਮੰਨਦਾ ਹੈ ਕਿ ਸਭ ਦ੍ਰਿਸ਼ਟਮਾਨ ਵਸਤੂਆਂ ਦੇ ਤਿੰਨ ਲੱਛਣ ਹਨ। ਉਹ ਹਨ :- (1) ਸਭ ਦ੍ਰਿਸ਼ਟਮਾਨ ਵਸਤਾਂ ਅਨਿੱਤ (ਅਸਥਾਈ) ਹਨ, (2) ਸਭ ਦ੍ਰਿਸ਼ਟਮਾਨ ਵਸਤਾਂ ਦੁਖ (Sufferings) ਤੇ (3) ਅਨਾਤਮਾ ਹਨ। ਇਸ ਦਾ ਭਾਵ ਇਹ ਹੈ ਕਿ ਜੋ ਕੁਝ ਵੀ ਅਸੀਂ ਵੇਖ ਰਹੇ ਹਾਂ ਉਹ ਪ੍ਰੀਵਰਤਨਸ਼ੀਲ ਹੈ, ਦੁਖ ਉਸ ਦਾ ਅਨਿਖੜਵਾਂ ਅੰਗ ਹੈ ਤੇ ਉਸ ਦੀ ਕੋਈ ਆਪਣੀ ਆਤਮਾ ਨਹੀਂ ਹੈ। ਇਨ੍ਹਾਂ ਸਿਧਾਂਤਾਂ ਅਨੁਸਾਰ ਸੰਸਾਰ ਦੀ ਹਰ ਚੀਜ਼ ਅਸਥਾਈਹੈ, ਪ੍ਰੀਵਰਤਨਸ਼ੀਲ ਹੈ, ਬਿਨਸਣਹਾਰ ਹੈ, ਇਸ ਲਈ ਕੋਈ ਵੀ ਅਜਿਹੀ ਚੀਜ਼ ਨਹੀਂ ਜਿਸ ਨੂੰ ਅਸੀਂ ਆਪਣਾ ਕਹਿ ਸਕਦੀ। 'ਮੈਂ' ਅਤੇ 'ਮੇਰਾ' ਸ਼ਬਦ ਵੀ ਝੂਠੇ ਹਨ। ਸਾਰੀ ਜ਼ਿੰਦਗੀ ਅਥਵਾ ਹੋਂਦ ਵੀ ਅਨੇਕਾਂ ਤੱਤਾਂ ਤੋਂ ਬਣੀ ਹੋਈ ਹੈ ਜੋ ਕਿ ਪ੍ਰੀਵਰਤਨਸ਼ੀਲ ਹਨ।

## (3) ਨਿਰਵਾਣ :

ਬੁੱਧ ਮੱਤ ਵਿਚ ਜਿੰਨੇ ਵੀ ਆਤਮਕ ਅਤੇ ਧਾਰਮਕ ਯਤਨ ਕੀਤੇ ਜਾਂਦੇ ਹਨ, ਉਨ੍ਹਾਂ ਦਾ ਟੀਚਾ ਨਿਰਵਾਣ ਪ੍ਰਾਪਤੀ ਹੈ। ਨਿਰਵਾਣ ਸ਼ਬਦ ਪਰਮ ਸੱਤ ਵਾਸਤੇ ਆਇਆ ਹੈ। ਇਹ ਦੁਖਾਂ ਦੀ ਸਮਾਪਤੀ ਅਤੇ ਅਨੰਦ ਦਾ ਸਰੂਪ ਹੈ। ਇਹ ਸੰਪੂਰਨ ਅਨੰਦ ਦੀ ਅਵਸਥਾ ਹੈ। ਇਹ ਪੁਨਰ ਜਨਮ ਅਤੇ ਆਵਾਗੌਣ ਦੇ ਚੱਕਰਾਂ ਦਾ ਖਾਤਮਾ ਹੈ। ਇਹ ਸੰਪੂਰਨ ਆਜ਼ਾਦੀ ਦੀ ਅਵੱਸਥਾ ਹੈ ਅਤੇ ਸੰਸਾਰ ਤੇ ਇਸ ਦੀਆਂ ਸੀਮਾਵਾਂ ਤੋਂ ਮੁਕਤੀ ਹੈ।

## (4) ਮੱਧ ਮਾਰਗ :

ਨਿਰਵਾਣ ਪ੍ਰਾਪਤੀ ਦੇ ਬੋਧੀ ਮਾਰਗ ਨੂੰ ਮੱਧ ਮਾਰਗ ਕਿਹਾ ਜਾਂਦਾ ਹੈ। ਮੱਧ ਮਾਰਗ ਸਿਖਾਂਦਾ ਹੈ, ਕਿ ਮਨੁੱਖ ਨੂੰ ਨਾ ਤਾਂ ਸਰੀਰ ਨੂੰ ਬਹੁਤ ਕਸ਼ਟ ਦੇਣ ਵਾਲਾ ਰਾਹ ਅਪਨਾਉਣਾ ਚਾਹੀਦਾ ਹੈ ਨਾ ਹੀ ਵਿਲਾਸਤਾ ਵਾਲਾ ਜੀਨ । ਮੱਧ ਮਾਰਗ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਜਾਂਦਾ ਹੈ। ਹੇਠ ਲਿਖੇ ਇਸ ਦੇ ਅੰਗ ਹਨ:

(1) **ਸਮਿਅਕ ਦ੍ਰਿਸ਼ਟੀ** **(Right view)** – **ਸੱਚੇ ਵਿਚਾਰ**

(2) **ਸਮਿਅਕ ਸੰਕਲਪ** **(Right intention)** – **ਸੱਚੀ ਨੀਅਤ**

(3) **ਸਮਿਅਕ ਵਾਕ** **(Right speech)** – **ਸੱਚਾ ਬੋਲ**

(4) **ਸਮਿਅਕ ਕਰਮ** **(Right action)** – **ਸੱਚਾ ਵਿਆਹ**

(5) **ਸਮਿਅਕ ਅਜੀਵਕਾ** **(Right livelihood)** – **ਸੱਚੀ ਰੋਜ਼ੀ**

(6) **ਸਮਿਅਕ ਵਯਾਯਾਮ** **(Right effort)** – **ਸੱਚਾ ਯਤਨ**

(7) **ਸਮਿਅਕ ਸਿਮਰਿਤੀ** **(Right mindfulness)** – **ਸੱਚਾ ਮਨੋਯੋਗ**

(8) **ਸਮਿਅਕ ਸਮਾਧੀ** **(Right meditation)** – **ਸੱਚਾ ਧਿਆਨ**

(ਸਮਿਅਕ = ਸਮਯਕ = ਸੱਚਾ, ਸ਼ੁਭ)

## (5) ਪੰਚ ਸ਼ੀਲ, ਪੰਜ ਨੈਤਿਕ ਨਿਯਮ :

(1) ਮੈਂ ਕਿਸੇ ਜੀਵ ਨੂੰ ਮਾਰਨ, ਜ਼ਖਮ ਜਾਂ ਚੋਟ ਲਾਣ ਤੋਂ ਪਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।

(2) ਮੈਂ ਉਸ ਵਸਤੂ ਨੂੰ ਅਸਵੀਕਾਰ ਕਰਨ ਦਾ ਇਕਰਾਰ ਕਰਦਾ ਹਾਂ ਜਿਹੜੀ ਮੈਨੂੰ ਆਪ ਨਾ ਦਿੱਤੀ ਗਈ ਹੋਵੇ।

(3) ਮੈਂ ਲਿੰਗ ਬਦ-ਫੈਲੀ (ਵਿਭਚਾਰ) ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।

(4) ਮੈਂ ਝੂਠ ਬੋਲਣ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।

(5) ਮੈਂ ਨਸ਼ੇ ਵਾਲੀਆਂ ਚੀਜ਼ਾਂ ਅਤੇ ਉਹਨਾਂ ਵਸਤਾਂ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ ਜਿਨ੍ਹਾਂ ਦੇ ਪੀਣ ਨਾਲ ਆਲਸ ਜਾਂ ਸੁਸਤੀ ਪੈਦਾ ਹੁੰਦੀ ਹੈ।

## (6) ਚਾਰ ਮਹਾਨ ਸਚਾਈਆਂ :

ਮਹਾਤਮਾ ਬੁੱਧ ਨੇ ਆਪਣੀ ਪਹਿਲੀ ਸਿਖਿਆ ਵਿਚ ਸਾਰਨਾਥ ਵਿਖੇ 'ਚਾਰ ਮਹਾਨ ਸਚਾਈਆਂ ' ਦਾ ਵਰਣਨ ਕੀਤਾ ਸੀ। ਇਹ ਸਚਾਈਆਂ ਹਨ :

(1) ਸੰਸਾਰ ਦੁਖਾਂ ਦਾ ਘਰ ਹੈ।

(2) ਇਸ ਦੁਖ ਦੇ ਕਈ ਕਾਰਨ ਹਨ।

(3) ਦੁਖਾਂ ਦਾ ਖਾਤਮਾ (ਨਿਰੋਧ) ਕੀਤਾ ਜਾ ਸਕਦਾ ਹੈ।

(4) ਨਿਰਵਾਣ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਨ੍ਹਾਂ ਦਾ ਸਮੁੱਚਾ ਭਾਵ ਹੈ ਕਿ ਸੰਸਾਰ ਵਿਚ ਦੁਖ ਹੀ ਦੁਖ ਹਨ ਅਤੇ ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਦਾ ਸਾਧਨ ਨਿਰਵਾਣ ਹੈ।

## (7) ਚਾਰ ਬ੍ਰਹਮ ਵਿਹਾਰ :

ਬ੍ਰਹਮ ਵਿਹਾਰ ਤੋਂ ਭਾਵ ਪਵਿੱਤਰ ਨਿਵਾਸ ਹੈ। ਮਹਾਤਮਾ ਬੁੱਧ ਨੇ ਚਾਰ ਬ੍ਰਹਮ ਵਿਹਾਰਾਂ ਉਤੇ ਚੱਲਣ ਲਈ ਕਿਹਾ ਹੈ। ਇਹ ਚਾਰ ਨੈਤਿਕ ਜਾਂ ਸਮਾਜਿਕ ਗੁਣ ਹਨ। ਪਹਿਲਾ ਹੈ 'ਮੈਤ੍ਰੀ'- ਸਭ ਜੀਵਾਂ ਪ੍ਰਤਿ ਮਿਤ੍ਰਤਾ ਦਾ ਭਾਵਨਾ; ਦੂਜਾ ਹੈ 'ਕਰੁਣਾ'-ਸਭ ਜੀਵਾਂ ਪ੍ਰਤਿ ਦਯਾ ਦੀ ਭਾਵਨਾ; ਤੀਜਾ ਹੈ 'ਮੁਦਿੱਤਾ'-ਅਥਵਾ ਸਭ ਜੀਵਾਂ ਪ੍ਰਤਿ ਅਨੰਦ ਦੀ ਭਾਵਨਾ। ਇਸ ਦਾ ਭਾਵ ਹੈ ਕਿ ਪ੍ਰਾਣੀ ਨੂੰ ਦੂਜਿਆਂ ਦੀ ਤਰੱਕੀ ਜਾਂ ਖੁਸ਼ੀ ਉੱਤੇ ਪ੍ਰਸੰਨ ਹੋਣਾ ਚਾਹੀਦਾ ਹੈ। ਚੌਥਾ ਹੈ 'ਉਪੇਕਸ਼ਾ' ਇਸਦਾ ਅਰਥ ਹੈ ਸਭ ਜੀਵਾਂ ਪ੍ਰਤੀ ਇਕੋ ਜਿਹਾ ਵਤੀਰਾ ਹੋਣਾ।

## (8) ਛੇ ਪਾਰਮਿਤਾ (ਸਿਧੀਆਂ) :

ਪਾਰਮਿਤਾ ਦਾ ਅਰਥ ਹੈ ਉੱਚੀ ਤੋਂ ਉੱਚੀ ਸਿੱਧੀ (ਸੰਪੂਰਨਤਾ)। ਇਹ ਹੇਠਲੇ ਛੇ ਗੁਣਾਂ ਨੂੰ ਧਾਰਨ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ :-

(1) ਦਾਨ - ਜਾਨਦਾਰ ਚੀਜ਼ਾਂ ਪ੍ਰਤਿ ਸੁਹਿਰਦਤਾ ।

(2) ਸ਼ੀਲ - ਕਰਨੀ ਤੇ ਕਥਨੀ ਵਿਚ ਇਕੋ ਜਿਹਾ ਹੋਣਾ।

(3) ਸ਼ਾਂਤੀ-ਧਾਰਮਕ ਅਮਲ (ਧਾਰਮਿਕ ਸਿਖਿਆਵਾਂ ਤੇ ਚੱਲਣ) ਸਮੇਂ ਦੁਖ-ਤਕਲੀਫਾਂ ਤੋਂ ਨਾ ਘਬਰਾਉਣਾ।

(4) ਵੀਰਯ – ਆਤਮਕ ਸ਼ਕਤੀ। ਇਸ ਤੋਂ ਭਾਵ ਧਰਮ ਜਾਂ ਨੇਕੀ ਦੇ ਵਾਧੇ ਲਈ ਉਤਸ਼ਾਹ ਦਾ ਹੋਣਾ ਹੈ।

(5) ਧਯਾਨ – ਮਨ ਉਤੇ ਕਾਬੂ।

(6) ਪ੍ਰਾਜਣਾ – ਉਚਤਮ ਸਿਆਣਪ। ਇਹ ਵਸਤੂਆਂ ਦੀ ਅਸਲੀਅਤ ਨੂੰ ਪਹਿਚਾਨਣਾ ਹੈ।

**ਬੋਧੀ ਸਾਹਿਤ :** ਬੋਧੀ ਧਾਰਮਿਕ ਸਾਹਿਤ ਬਹੁਤ ਜ਼ਿਆਦਾ ਹੈ ਅਤੇ ਅਨੇਕਾਂ ਭਾਸ਼ਾਵਾਂ ਵਿਚ ਹੈ। ਧਾਰਮਕ ਪੁਸਤਕਾਂ ਦੇ ਮੂਲ ਸੰਗ੍ਰਿਹਾਂ ਨੂੰ "ਤ੍ਰਿਪਿਟਕ" ਕਹਿੰਦੇ ਹਨ। ਪਿਟਕ ਤੋਂ ਭਾਵ ਪਿਟਾਰੀ ਹੁੰਦਾ ਹੈ। ਇਹ ਤਿੰਨ ਪਿਟਕਾਂ ਹਨ : (1) ਵਿਨਯਪਿਟਕ ਅਥਵਾ ਭਿਖਸ਼ੂਆਂ ਅਤੇ ਭਿਖਸ਼ਣੀਆਂ ਲਈ ਅਨੁਸ਼ਾਸਨ ਸੰਬੰਧੀ ਸਦਾਚਾਰਕ ਨਿਯਮਾਂ ਦਾ ਸੰਗ੍ਰਹਿ (2) ਸੁਤ੍ਰਪਿਟਕ ਅਥਵਾ ਧਾਰਮਕ ਸਿਖਿਆਵਾਂ ਦਾ ਸੰਗ੍ਰਹਿ ਇਸ ਵਿਚ ਬੁੱਧ ਧਰਮ ਅਤੇ ਫਿਲਾਸਫੀ ਦੇ ਮੂਲ ਸਿਧਾਂਤ ਹਨ, ਅਤੇ (3) ਅਭਿਧਰਮ ਪਿਟਕ ਅਥਵਾ ਵਿਸ਼ਲੇਸ਼ਣਾਤਮਕ ਅਤੇ ਮਨੋਵਿਗਿਆਨਕ ਵਿਚਾਰਾਂ ਦਾ ਸੰਗ੍ਰਹਿ। ਪੁਰਾਣੇ ਸਮਿਆਂ ਵਿਚ ਇਹ ਗਰੰਥ (ਤ੍ਰਿਪਿਟਕ) ਮਾਗਧੀ, ਪ੍ਰਾਕ੍ਰਿਤ, ਪਾਲੀ ਅਤੇ ਬੋਧ-ਸੰਸਕ੍ਰਿਤ ਭਾਸ਼ਾਵਾਂ ਵਿਚ ਤਿਆਰ ਕੀਤੇ ਗਏ ਸਨ। ਅੱਜ ਕੱਲ ਭਾਰਤੀ ਬੋਧੀ ਸਾਹਿਤ ਵਿਚ ਕੇਵਲ ਪਾਲੀ ਭਾਸ਼ਾ ਵਾਲਾ ਤ੍ਰਿਪਿਟਕ ਹੀ ਸੰਪੂਰਨ ਰੂਪ ਵਿਚ ਮਿਲਦਾ ਹੈ।

ਬੁੱਧ ਧਰਮ ਦੀਆਂ ਧਾਰਮਕ ਅਤੇ ਸਦਾਚਾਰਕ ਸਿਧਾਂਤਾਂ ਦਾ ਇਕ ਹੋਰ ਗਰੰਥ ਧੱਮ-ਪਦ (ਧਰਮ-ਪਦ) ਵੀ ਬਹੁਤ ਪ੍ਰਸਿੱਧ ਹੈ।

ਬੁੱਧ ਮੱਤ ਦਾ ਸੰਖੇਪ ਇਤਿਹਾਸ-ਬੁੱਧ ਮੱਤ ਦਾ ਜਨਮ ਭਾਰਤ ਵਿਚ ਛੇਵੀਂ ਸਦੀ ਈਸਾ ਪੂਰਵ ਵਿਚ ਹੋਇਆ। ਨਵੀਨ ਸਿਖਿਆਵਾਂ ਅਤੇ ਬੋਧੀ ਪਰਚਾਰਕਾਂ ਦੇ ਯਤਨਾਂ ਸਦਕਾ ਇਹ ਮੱਤ ਬੜੀ ਤੇਜ਼ੀ ਨਾਲ ਫੈਲਿਆ। ਸਾਰੇ ਭਾਰਤ ਵਿਚ ਫੈਲਣ ਮਗਰੋਂ ਲੰਕਾ ਅਤੇ ਨੇਪਾਲ ਵਿਚ ਗਿਆ। ਤੀਜੀ ਸਦੀ ਈਸਾ ਪੂਰਵ (B.C) ਵਿਚ ਮਹਾਰਾਜਾ ਅਸ਼ੋਕਾ ਨੇ ਇਸ ਦੀ ਸਰਪ੍ਰਸਤੀ ਕੀਤੀ। ਬੁੱਧ ਦੀਆਂ ਸਿੱਖਿਆਵਾਂ ਸਤੰਭਾਂ ਉੱਤੇ ਉਕਰਵਾ ਕੇ, ਉਹ ਸਤੰਭ ਸਾਰੇ ਦੇਸ਼ ਵਿਚ ਗੱਡੇ। ਉਸ ਨੇ ਆਪਣੇ ਪੁੱਤਰ ਮਹਿੰਦਰ ਅਤੇ ਪੁੱਤਰੀਆਂ ਸੰਘ ਮਿਤਰਾ ਅਤੇ ਕਰੁਆਮਤੀ ਨੂੰ ਵੀ ਮੱਤ ਪਰਚਾਰ ਵਿਚ ਲਾ ਦਿੱਤਾ। ਵੱਖ ਵੱਖ ਖੇਤਰਾਂ ਵਿਚ, ਉਸ ਨੇ 9 ਧਰਮ ਪਰਚਾਰਕ ਮਿਸ਼ਨ ਭੇਜੇ। ਇੰਝ ਇਹ ਮੱਤ ਲੰਕਾ, ਬਰਮਾ, ਪੱਛਮੀ ਏਸ਼ੀਆਂ, ਕੇਂਦਰੀ ਏਸ਼ੀਆ, ਚੀਨ, ਯੂਰਪ ਅਤੇ ਮਿਸਰ ਵਿਚ ਪੁੱਜ ਗਿਆ। ਪੰਜਵੀਂ ਸਦੀ ਤਕ ਵੱਖ ਵੱਖ ਰਾਜਿਆਂ ਦੀ ਸਰਪ੍ਰਸਤੀ ਕਾਰਨ ਇਹ ਮੱਤ ਬਹੁਤ ਫੈਲਿਆ। ਛੇਵੀਂ ਸਦੀ ਵਿਚ ਪੰਜਾਬ ਦੇ ਸ਼ੈਵ-ਮੱਤ ਨੂੰ ਮੰਨਣ ਵਾਲੇ ਹੁਨ ਰਾਜਿਆਂ ਨੇ ਇਸ ਨੂੰ ਖ਼ਤਮ ਕਰਨ ਦੀ ਪੂਰੀ ਵਾਹ ਲਾਈ-ਬੋਧੀਆਂ ਉੱਤੇ ਜ਼ੁਲਮ ਢਾਹੇ। ਸਤਵੀਂ ਤੋਂ ਦੱਸਵੀ ਸਦੀ ਤੱਕ ਨਾਲੰਦਾ (ਬਿਹਾਰ) ਅਤੇ ਵਲਭੀ (ਗੁਜਰਾਤ) ਦੀਆਂ ਵੱਡੀਆਂ ਬੋਧੀ ਯੂਨੀਵਰਸਿਟੀਆਂ ਬੋਧੀ-ਸਿਖਿਆਵਾਂ (ਧਰਮ-ਦਰਸ਼ਨ) ਅਤੇ ਸਭਿਆਚਾਰ ਦਾ ਕੇਂਦਰ ਸਨ। ਬਿਹਾਰ ਅਤੇ ਬੰਗਾਲ ਦੇ ਪਾਲ ਰਾਜਿਆਂ ਨੇ ਵੀ ਇਸ ਦੀ ਸਰਪ੍ਰਸਤੀ ਕੀਤੀ। ਨੌਂਵੀਂ ਸਦੀ ਵਿਚ ਹਿੰਦੂਮੱਤ ਦੇ ਪਰਚਾਰਕ ਸ਼ੰਕਰਾਚਾਰੀਆ ਨੇ ਬੁੱਧ ਮੱਤ ਵਿਰੁੱਧ ਜ਼ੋਰਦਾਰ ਪਰਚਾਰ ਕੀਤਾ ਅਤੇ ਲੋਕਾਂ ਨੂੰ ਮੁੜ ਕੇ ਵੇਦਾਂ- ਸ਼ਾਸਤਰਾਂ ਦੇ ਮੱਤ ਦਾ ਅਨੁਯਾਈ ਬਣਾ ਦਿਤਾ। ਮੁਸਲਮਾਨਾਂ ਦੇ ਹਮਲਿਆਂ ਨੇ ਇਸ ਮੱਤ ਨੂੰ ਬਹੁਤ ਨੁਕਸਾਨ ਪਹੁੰਚਾਇਆ, ਬੋਧੀ ਕਲਚਰ ਅਤੇ ਮੰਦਰ ਤਬਾਹ ਕਰ ਕੇ ਰੱਖ ਦਿਤੇ ਗਏ ਅਤੇ ਭਿਖਸ਼ੂ ਕਤਲ ਕਰ ਦਿਤੇ ਗਏ। ਇੰਝ ਬਾਹਰਵੀਂ ਸਦੀ ਤਕ ਇਹ ਮੱਤ

ਭਾਰਤ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਗਿਆ ਅਤੇ ਉਨੀਵੀਂ ਸਦੀ ਤਕ ਹਿੰਦੂਮੱਤ ਨਾਲ ਰਲਿਆ-ਮਿਲਿਆ ਰਿਹਾ। ਉਨੀਂਵੀਂ ਸਦੀ ਵਿਚ ਇਸ ਨੇ ਮੁੜਕੇ ਭਾਰਤ ਵਿਚ ਇਕ ਸੁਤੰਤਰ ਮੱਤ ਦੇ ਤੌਰ ਤੇ ਉਭਰਨਾ ਸ਼ੁਰੂਕੀਤਾ।

ਬੁੱਧ ਮੱਤ ਦੀ ਗੁਰਮਤਿ ਨਾਲ ਤੁਲਨਾ : ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਬੁੱਧ ਮੱਤ ਦਾ ਕੋਈ ਵਿਸ਼ੇਸ਼ ਜ਼ਿਕਰ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਸਿੱਖ ਧਰਮ ਦਾ ਜਨਮ ਹੋਇਆ, ਉਦੋਂ ਬੁੱਧ ਮੱਤ ਭਾਰਤ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁਕਾ ਸੀ। ਗੁਰੂਨਾਨਕ ਸਾਹਿਬ ਅਤੇ ਬਾਕੀ ਸਤਿਗੁਰਾਂ ਦਾ ਬੋਧੀਆਂ ਨਾਲ ਕੋਈ ਸਿੱਧਾ ਵਾਹ ਨਹੀਂ ਪਿਆ। ਜੋਗੀਆਂ-ਸਿੱਧਾਂ ਦੇ ਮੱਤ ਵਿਚ ਇਸ ਮੱਤ ਕੇ ਕੁੱਝ ਤੱਤ ਜ਼ਰੂਰ ਮਿਲਦੇ ਹਨ, ਜਿਨ੍ਹਾਂ ਬਾਰੇ ਗੁਰਮਤਿ ਰਾਏ ਗੁਰੂਨਾਨਕ ਸਾਹਿਬ ਦੀ ਜੋਗੀਆਂ ਸਿੱਧਾਂ ਨਾਲ ਹੋਈਆਂ ਗਿਆਨ-ਚਰਚਾਵਾਂ ਵਿਚ ਪਰਗਟ ਹੁੰਦੀ ਹੈ ਕਿ ਜਿਥੇ ਅਮਲੀ ਰੂਪ (ਮਰਯਾਦਾ) ਵਿਚ ਦੋਹਾਂ ਧਰਮਾਂ ਵਿਚ ਕਈ ਜਗ੍ਹਾ ਸਾਂਝ ਹੈ, ਉਥੇ ਧਰਮ-ਸਿਧਾਂਤਾਂ ਵਿਚ ਬਹੁਤ ਅੰਤਰ ਹੈ। ਇਸ ਸੰਬੰਧ ਵਿਚ ਹੇਠਾਂ ਸੰਖੇਪ ਜਿਹੀ ਵਿਚਾਰ ਅੰਕਤ ਕੀਤੀ ਜਾਂਦੀ ਹੈ :-

**(1) ਰੱਬ ਦਾ ਖਿਆਲ :** ਬੁੱਧ ਮੱਤ ਰੱਬ ਬਾਰੇ ਪੂਰੀ ਤਰ੍ਹਾਂ ਚੁੱਪ ਹੈ, ਜਾਂ ਇਉਂ ਆਖੋ ਰੱਬ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਇਕ ਨਾਸਤਕ ਮੱਤ ਹੈ। ਇਸ ਦੇ ਐਨ ਉਲਟ ਸਿੱਖ ਧਰਮ ਰੱਬ ਵਿਚ ਦ੍ਰਿੜ ਵਿਸ਼ਵਾਸ ਰੱਖਣ ਦਾ ਉਪਦੇਸ਼ ਦਿੰਦਾ ਹੈ। ਸਿੱਖ ਧਰਮ ਅਨੁਸਾਰ ਵਾਹਿਗੁਰੁਸਾਰੀ ਸ੍ਰਿਸ਼ਟੀ ਦਾ ਕਰਤਾ, ਸੰਭਾਲ ਕਰਨ ਵਾਲਾ ਤੇ ਇਸੇ ਵਿਚ ਰਮਿਆ ਹੋਇਆ ਹੈ :

**ਈਭੈ ਬੀਠਲੁ, ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥** (485)

**ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥**

**ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥1 ॥**

ਯਥਾ (ਸੋਰਠਿ ਮ: 5, ਪੰਨਾ 617)

**ਸਭੇ ਮਾਣਸ ਦੇਵ ਸਭਿ, ਸਭੇ ਜੋਗ ਧਿਆਨ ॥**

**ਸਭੇ ਪੁਰੀਆ, ਖੰਡ ਸਭਿ, ਸਭੇ ਜੀਅ ਜਹਾਨ ॥**

**ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ ॥**

**ਨਾਨਕ ਸਚਾ ਸਚਿ ਨਾਇ, ਸਚੁ ਸਭਾ ਦੀਬਾਨੁ ॥** (ਸਲੋਕ ਮ: 1, ਵਾਰ ਸਾਰੰਗ, ਪੰਨਾ 1241)

**(2) ਆਤਮਾ :** ਬੁੱਧ ਮੱਤ ਆਤਮਾ ਜਾਂ ਰੂਹ ਵਿਚ ਯਕੀਨ ਨਹੀਂ ਰੱਖਦਾ। ਇਸ ਮੱਤ ਅਨੁਸਾਰ ਮਨੁੱਖ ਇੰਦ੍ਰਿਆਂ ਅਤੇ ਸੰਵੇਦਨਾਵਾਂ ਦਾ ਹੀ ਸਮੂਹ ਹੈ। ਸਭ ਕੁੱਝ ਮਾਦਾ ਹੈ, ਜੋ ਆਪਣੀ ਸ਼ਕਲ ਬਦਲਦਾ ਰਹਿੰਦਾ ਹੈ। ਮਾਦਾ ਹੀ ਵਿਕਾਸ ਕਰਕੇ ਮਨ ਬਣ ਜਾਂਦਾ ਹੈ। ਆਤਮਾ ਜਿਸਮ ਨਾਲੋਂ ਕੋਈ ਵੱਖਰੀ ਚੀਜ਼ ਨਹੀਂ। ਮੌਤ ਪਿਛੋਂ ਕੁਝ ਨਹੀਂ ਬਚਦਾ।

ਗੁਰਮਤਿ ਆਤਮਾ ਵਿਚ ਪੂਰਾ ਵਿਸ਼ਵਾਸ ਰੱਖਦੀ ਹੈ। ਆਤਮਾ ਨੂੰ ਪਰਮਾਤਮਾ ਦਾ ਅੰਸ਼ ਕਰਕੇ ਮੰਨਿਆ ਗਿਆ ਹੈ, ਜਿਵੇਂ ਪਾਣੀ ਦੀ ਇਕ ਬੂੰਦ ਸਮੁੰਦਰ ਦਾ ਇਕ ਅੰਸ਼ (ਹਿੱਸਾ) ਹੁੰਦੀ ਹੈ। ਅਕਾਲ ਪੁਰਖ ਦਾ ਅੰਸ਼ ਹੋਣ ਕਰਕੇ ਆਤਮਾ ਵੀ ਅਮਰ ਅਤੇ ਅਬਿਨਾਸ਼ੀ ਹੈ, ਇਹ ਪ੍ਰਭੂ ਦੀ ਜੋਤਿ ਹੈ:

**ਅਚਰਜ ਕਥਾ ਮਹਾ ਅਨੂਪ ॥**

**ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥1॥ਰਹਾਉ ॥**

**ਨਾ ਇਹੁ ਬੂਢਾ, ਨਾ ਇਹੁ ਬਾਲਾ ॥**

**ਨਾ ਇਸੁ ਦੂਖੁ ਨਹੀ ਜਮ ਜਾਲਾ ॥**

**ਨਾ ਇਹੁ ਬਿਨਸੈ, ਨਾ ਇਹੁ ਜਾਇ ॥**

**ਆਦਿ ਜੁਗਾਦੀ ਰਹਿਆ ਸਮਾਇ ॥1॥**

**ਨਾ ਇਸੁ ਉਸਨੁ, ਨਹੀ ਇਸੁ ਸੀਤੁ ॥**

**ਨਾ ਇਸੁ ਦੁਸਮਨੁ, ਨਾ ਇਸੁ ਮੀਤੁ ॥**

**ਨਾ ਇਸੁ ਹਰਖੁ, ਨਹੀ ਇਸ ਸੋਗੁ ॥**

**ਸਭ ਕਿਛੁ ਇਸ ਕਾ ਇਹੁ ਕਰਨੈ ਜੋਗੁ ॥2॥**

**ਨਾ ਇਸੁ ਬਾਪੁ, ਨਹੀ ਇਸੁ ਮਾਇਆ ॥**

**ਇਹੁ ਅਪਰੰਪਰੁ ਹੋਤਾ ਆਇਆ ॥**

**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥**

**ਘਟ ਘਟ ਅੰਤਰਿ ਸਦ ਹੀ ਜਾਗੈ ॥3॥** (ਗੌਂਡ ਮ: 5, ਪੰਨਾ 868)

ਇਹ ਬਹੁਤ ਅਚੰਭੇ ਵਾਲੀ ਗੱਲ ਹੈ ਕਿ ਇਕ ਪਾਸੇ ਤਾਂ ਬੁੱਧ ਮੱਤ ਸਦਾ ਰਹਿਣ ਵਾਲੀ (ਅਮਰ-ਅਬਿਨਾਸ਼ੀ) ਆਤਮਾ ਵਿਚ ਯਕੀਨ ਨਹੀਂ ਰਖਦਾ, ਪਰ ਦੂਜੇ ਪਾਸੇ ਪੁਨਰ ਜਨਮ (ਆਵਾਗਉਣ) ਵਿਚ ਯਕੀਨ ਰਖਦਾ ਹੈ। ਇਹ ਬੁੱਧ ਮੱਤ ਦੀ ਸਵੈ-ਵਿਰੋਧੀ ਗੱਲ ਹੈ। ਬੁੱਧ ਮੱਤ ਮੁਤਾਬਿਕ ਸਭ ਜੀਵਾਂ ਵਿਚ ਚੇਤਨਤਾ ਹੈ। ਇਹ ਚੇਤਨਾ ਬੁਰੇ ਜਾਂ ਭੈੜੇ ਕੰਮਾਂ ਤੋਂ ਪ੍ਰਭਾਵਿਤ ਹੁੰਦੀ ਹੈ ਤੇ ਜੀਵ ਦੇ ਇਕ ਜਨਮ ਨੂੰ ਦੂਜੇ ਜਨਮ ਨਾਲ ਜੋੜਦੀ ਹੈ। ਇਸ ਤਰ੍ਹਾਂ ਆਵਾਗਵਨ ਦਾ ਚੱਕਰ ਚਲਦਾ ਹੈ, ਜਿਸ ਤੋਂ ਨਿਰਵਾਣ ਪ੍ਰਾਪਤ ਕਰਕੇ ਹੀ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਚੇਤਨਤਾ ਬਦਲਦੀ ਰਹਿੰਦੀ ਹੈ।

ਗੁਰਮਤਿ ਬੁੱਧ ਮੱਤ ਦੇ ਇਸ ਸਿਧਾਂਤ ਨਾਲ ਬਿਲਕੁਲ ਵਿਰੋਧ ਰਖਦੀ ਹੈ ਅਤੇ ਇਕ ਅਮਰ ਆਤਮਾ ਵਿਚ ਯਕੀਨ ਰਖਦੀ ਹੈ, ਜੋ ਮਨੁੱਖ ਦੇ ਮਰਨ ਤੋਂ ਦੂਜੇ ਸਰੀਰ ਵਿਚ ਚਲੀ ਜਾਂਦੀ ਹੈ। ਜਿਹੜੇ ਮਨੁੱਖ ਪ੍ਰਭੂ ਨਾਲ ਲਿਵਲੀਨ ਹੋ ਜਾਂਦੇ ਹਨ, ਜਿਹੜੇ ਵਿਕਾਰਾਂ ਦੀ ਮੈਲ ਨੂੰ ਆਤਮਾ ਤੋਂ ਲਾਹ ਸੁਟਦੇ ਹਨ, ਉਨ੍ਹਾਂ ਦੀ ਆਤਮਾ ਪ੍ਰਭੂ ਦੀ ਆਤਮਾ (ਪਰਮ ਆਤਮਾ) ਵਿਚ ਮਿਲ ਜਾਂਦੀ ਹੈ ਅਤੇ ਜਨਮ ਮਰਨ ਦਾ ਗੇੜ ਸਮਾਪਤ ਹੋ ਜਾਂਦਾ ਹੈ।

**(3) ਨਿਰਵਾਣ ਮੁਕਤੀ :-** ਨਿਰਵਾਣ ਬੋਧੀਆਂ ਦਾ ਅੰਤਮ ਲਕਸ਼ (ਟੀਚਾ) ਹੈ ਮਹਾਤਮਾ ਬੁੱਧ ਅਨੁਸਾਰ ਨਿਰਵਾਣ ਦੀ ਪ੍ਰਾਪਤੀ ਤਾ ਹੋ ਸਕਦੀ ਹੈ, ਪਰ ਇਸ ਅਵੱਸਥਾ ਦਾ ਅੱਖਰਾਂ ਵਿਚ ਵਰਨਣ ਸੰਭਵ ਨਹੀਂ। ਬੋਧੀ ਸਾਹਿਤ ਵਿਚ ਇਸ ਨੂੰ ਪਰਮ ਅਨੰਦ ਦੀ ਅਵੱਸਥਾ ਆਖਿਆ ਗਿਆ ਹੈ। ਨਿਰਵਾਣ ਦਾ ਅਰਥ ਸੰਸਾਰ ਵਿਚ ਵਿਆਪਕ ਦੁੱਖਾਂ ਤੋਂ ਛੁਟਕਾਰਾ ਪਾਉਣਾ ਅਤੇ ਮੋਹ, ਰਾਗ, ਦ੍ਵੈਖ ਆਦਿਕ ਇਛਾਵਾਂ ਤੋਂ ਮੁਕਤ ਹੋਣਾ ਹੈ। ਇਹ ਕਠੋਰ ਤਪਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ। ਇਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਝੂਠੇ ਵਿਅਕਤਿਤਵ (ਸ਼ਖਸੀਅਤ) ਨੂੰ ਜੜ੍ਹਾਂ ਤੋਂ ਉਖੇੜਨਾ ਪੈਂਦਾ ਹੈ। ਇਸ ਮੰਤਵ ਦੀ ਪੂਰਤੀ ਗਿਆਨ, ਸਦਾਚਾਰਕ ਰਸਮਾਂ ਅਤੇ ਮਾਨਸਿਕ ਭਾਂਵਾਂ ਦੀ ਪਵਿੱਤਰਤਾ ਦੇ ਰਾਹੀਂ ਹੀ ਹੋ ਸਕਦੀ ਹੈ। ਨਿਰਵਾਣ ਪ੍ਰਾਪਤੀ ਲਈ ਬੁੱਧ ਜੀ ਨੇ 'ਮੱਧ ਮਾਰਗ' ਅਥਵਾ ਅਸ਼ਟ ਮਾਰਗ ਦੇ ਅਸੂਲ ਬਣਾਏ ਸਨ।

ਸਿੱਖ ਧਰਮ ਵਿਚ ਨਿਰਵਾਣ ਦੀ ਥਾਂ ਮੁਕਤੀ ਸ਼ਬਦ ਵਰਤਿਆ ਗਿਆ ਹੈ। ਪਰ ਮੁਕਤੀ ਦਾ ਸੰਕਲਪ ਅਤੇ ਇਸ ਦੀ ਪ੍ਰਾਪਤੀ ਦੇ ਸਾਧਨ ਨਿਰਵਾਣ ਪਦ ਅਤੇ ਇਸ ਦੀ ਪ੍ਰਾਪਤੀ ਦੇ ਸਾਧਨਾਂ ਨਾਲੋਂ ਬਿਲਕੁਲ ਵੱਖਰੇ ਹਨ। ਆਪਣੀ ਆਤਮਾਂ ਨੂੰ ਪ੍ਰਭੂ(ਪ੍ਰਮਾਤਮਾ) ਵਿਚ ਵਿਲੀਨ ਕਰ ਦੇਣਾ ਹੀ ਮੁਕਤੀ ਹੈ। ਇਸ ਜੀਵਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਅਤੇ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰਕੇ ਅਤੇ ਦੁੱਖ-ਸੁਖ ਦੇ ਅਸਰ ਤੋਂ ਮੁਕਤੀ ਪ੍ਰਾਪਤ ਕਰਨ ਦੀ ਅਵੱਸਥਾ ਨੂੰ 'ਸਹਿਜ ਅਵੱਸਥਾ' ਆਖਿਆ ਗਿਆ ਹੈ। 'ਸਹਿਜ ਅਵੱਸਥਾ' ਨੂੰ ਪ੍ਰਾਪਤ ਪ੍ਰਭੂ ਨਾਲ ਆਪਣਾ ਸੁਭਾਅ ਮਿਲਾਉਣ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦਾ ਇਕੋ ਇਕ ਰਾਹ ਸਤਿਗੁਰਾਂ ਦੀਆਂ ਸਿੱਖਿਆਵਾਂ ਉੱਤੇ ਚੱਲ ਕੇ, ਪ੍ਰਭੂ ਦਾ ਗੁਣ ਗਾਇਨ (ਨਾਮ ਸਿਮਰਨ) ਕਰਨਾ ਹੈ - "ਜਿਸ ਨਾਲ ਪ੍ਰਭੂ ਅਤੇ ਮਨੁੱਖ ਵਿਚਲੀ ਦੂਰੀ ਘਟਦੀ ਜਾਂਦੀ ਹੈ, ਤੇ ਅੰਤ ਵਿਚ ਮਨੁੱਖ ਪ੍ਰਭੂ ਵਿਚ ਸਮਾ ਜਾਂਦਾ ਹੈ-ਦੋਵੇਂ ਇਕ ਰੂਪ ਹੋ ਜਾਂਦੇ ਹਨ। ਬੱਸ, ਇਹੀ ਹੈ ਮੁਕਤੀ, ਜੋ ਬੁੱਧ ਮੱਤ ਦੀ ਮੁਕਤੀ (ਨਿਰਵਾਣ) ਨਾਲੋਂ ਬਿਲਕੁਲ ਵੱਖਰੀ ਹੈ।

**(4) ਸੰਸਾਰ ਵਿਚ ਵਿਆਪਕ ਦੁਖ :** ਮਹਾਤਮਾ ਬੁੱਧ ਦੇ ਅਨੁਸਾਰ ਸੰਸਾਰ ਦੁਖਾਂ ਦਾ ਘਰ ਹੈ। ਜੀਵਨ ਨਿਰਾ ਦੁੱਖਾਂ ਤੇ ਕਲੇਸ਼ਾਂ ਦਾ ਪੁਲੰਦਾ ਹੈ। ਗੁਰਮਤਿ, ਬੁੱਧ ਜੀ ਦੇ ਇਸ ਖਿਆਲ ਨਾਲ ਵੀ ਮੇਲ ਨਹੀਂ ਖਾਂਦੀ। ਗੁਰਮਤਿ ਅਨੁਸਾਰ ਦੁੱਖ ਅਤੇ ਸੁਖ ਦੋਵੇਂ ਹੀ ਸੰਸਾਰ ਵਿਚ ਮੌਜੂਦ ਹਨ। ਪ੍ਰਭੂ ਤੋਂ ਦੂਰ ਜਾ ਚੁੱਕੇ, ਵਿਕਾਰਾਂ ਵਿਚ ਫਸੇ ਹੋਏ ਅਤੇ ਮਾਇਆ ਦੇ ਅਧੀਨ ਹੋਏ ਪਏ ਮਨੁੱਖ ਦੁਖੀ ਰਹਿੰਦੇ ਹਨ। ਉਹ ਸੰਸਾਰਕ ਸੁਖਾਂ ਦੀ ਪ੍ਰਾਪਤੀ ਦੇ ਗਲਤ ਰਸਤੇ ਉਪਰ ਚੱਲਣ ਕਰ ਕੇ ਭਾਂਤ ਭਾਂਤ ਦੇ ਦੁਖ ਸਹਾਰਦੇ ਹਨ। ਇਸ ਦੇ ਉਲਟ ਪ੍ਰਭੂ ਨਾਲ ਪ੍ਰੀਤ ਕਰਨ ਵਾਲੇ, ਉਸ ਦਾ ਨਾਮ ਸਿਮਰਨ ਕਰਨ ਵਾਲੇ ਮਨੁੱਖ ਸਦਾ ਖੇੜੇ (ਅਨੰਦ ਦੀ ਅਵਸਥਾ) ਵਿਚ ਰਹਿੰਦੇ ਹਨ ਅਤੇ ਸੰਸਾਰਕ ਦੁੱਖਾਂ ਉਤੇ ਜਿੱਤ

ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਦੀ ਅਵਸਥਾ ਇਸ ਤਰ੍ਹਾਂ ਦੀ ਹੋ ਜਾਂਦੀ ਹੈ:

**ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥**

**ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥**

**ਸੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ॥** (ਕਾਨੜਾ ਮ: 5, ਪੰਨਾ 1302)

ਇਸ ਤਰ੍ਹਾਂ ਜਿਥੇ ਬੁੱਧ ਮੱਤ ਦੀ ਫਿਲਾਸਫੀ ਮਨੁੱਖ ਨੂੰ ਸੰਸਾਰ ਤਿਆਗੀ, ਨਿਰਾਸ਼ਾਵਾਦੀ ਤੇ ਭਾਂਜਵਾਦੀ ਬਣਾਉਂਦੀ ਹੈ, ਉਥੇ ਗੁਰਮਤਿ ਮਨੁੱਖ ਨੂੰ ਆਸ਼ਾਵਾਦੀ ਬਣਾ ਕੇ ਜੀਵਨ-ਸੰਗ੍ਰਾਮ ਵਿਚ ਜੂਝਣ ਦੇ ਯੋਗ ਬਣਾਉਂਦੀ ਹੈ।

**(5) ਸਦਾਚਾਰ :** ਬੁੱਧ ਮੱਤ ਦੇ ਵੱਖ ਵੱਖ ਸਿਧਾਂਤਾਂ ਦੇ ਅਧਿਐਨ ਵਿਚੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਧਰਮ ਸਦਾਚਾਰ ਉਤੇ ਬਹੁਤ ਜ਼ੋਰ ਦਿੰਦਾ ਹੈ:- ਸ਼ੁਭ ਵਿਚਾਰ, ਸ਼ੁਭ ਸੋਚਣੀ, ਸ਼ੁਭ ਕਰਨੀ ਇਸ ਮੱਤ ਦੀ ਆਧਾਰ-ਸ਼ਿਲਾ ਹੈ। ਸਦਾਚਾਰ ਦੇ ਪਖੋਂ ਇਹ ਸਿੱਖ ਧਰਮ ਨਾਲ ਮੇਲ ਖਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਪ੍ਰਚਾਰ ਦੌਰਿਆਂ ਵਿਚ ਪੰਡਿਤਾਂ, ਯੋਗੀਆਂ, ਸਿਧਾਂ, ਕਾਜ਼ੀਆਂ ਤੇ ਪੀਰਾਂ-ਫ਼ਕੀਰਾਂ ਨੂੰ ਵਿਖਾਵੇ ਦੇ ਕਰਮ-ਕਾਂਡਾਂ ਅਤੇ ਲਿਬਾਸਾਂ ਵੱਲੋਂ ਰੋਕਿਆ ਸੀ, ਤੇ ਵਿਕਾਰਾਂ ਨੂੰ ਤਿਆਗ ਕੇ ਅਧਿਆਤਮ ਤੇ ਸਦਾਚਾਰਕ ਗੁਣਾਂ ਨੂੰ ਮਨ ਵਿਚ ਵਸਾ ਕੇ, ਉਨ੍ਹਾਂ ਅਨੁਸਾਰ ਅਮਲੀ ਜੀਵਨ ਬਿਤਾਉਣ ਦਾ ਉਪਦੇਸ਼ ਦਿਤਾ ਸੀ। ਇਸ ਬਾਰੇ ਗੁਰਬਾਣੀ ਵਿਚੋਂ ਅਨੇਕਾਂ ਹਵਾਲੇ ਮਿਲ ਜਾਂਦੇ ਹਨ। ਮਹਾਤਮਾ ਬੁੱਧ ਜੀ ਨੇ ਵੀ ਆਪਣੇ ਵਿਖਿਆਨਾਂ ਵਿਚ ਲੋਕਾਂ ਨੂੰ ਵੇਦਾਂ, ਸ਼ਾਂਸਤਰਾਂ, ਸਿਮ੍ਰਤੀਆਂ ਵਿਚਲੇ ਕਰਮ-ਕਾਂਡ ਕਰਨ ਤੋਂ ਰੋਕਿਆ ਸੀ ਅਤੇ ਲੋਕਾਂ ਨੂੰ ਅਜਿਹੇ ਗੁਣ ਧਾਰਨ ਕਰਨ ਦਾ ਉਪਦੇਸ਼ ਦਿਤਾ, ਜਿਸ ਨਾਲ ਉਹ ਖੁਦ 'ਨਿਰਵਾਣ' ਪ੍ਰਾਪਤ ਕਰ ਸਕਣ ਤੇ ਬਾਕੀ ਸਮਾਜ ਦੇ ਭਲੇ ਲਈ ਵੀ ਯਤਨਸ਼ੀਲ ਰਹਿਣ।

ਸਦਾਚਾਰ ਦੇ ਸੰਬੰਧ ਵਿਚ ਸਿੱਖ ਧਰਮ, ਬੁੱਧ ਮੱਤ ਨਾਲੋਂ ਇਕ ਕਦਮ ਹੋਰ ਅੱਗੇ ਜਾਂਦਾ ਹੈ। ਸਿੱਖ ਧਰਮ ਅਨੁਸਾਰ ਪ੍ਰਭੂ ਭਗਤੀ ਵਿਚੋਂ ਹੀ ਸਦਾਚਾਰ ਉਪਜਦਾ ਹੈ। ਪ੍ਰਭੂ ਸਭ ਗੁਣਾਂ ਦਾ ਸੋਮਾ ਹੈ, ਉਸ ਦਾ ਸਿਮਰਨ ਕਰਨ ਵਾਲੇ ਵੀ ਰੱਬੀ ਗੁਣਾਂ ਦੇ ਮਾਲਕ ਬਣ ਜਾਂਦੇ ਹਨ। ਪ੍ਰਭੂ ਦੇ ਲੜ ਲੱਗੇ ਮਨੁੱਖ ਬੁਰੇ ਕੰਮਾਂ ਤੋਂ ਇਸ ਲਈ ਡਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ, ਕਿ ਪ੍ਰਭੂ ਉਨ੍ਹਾਂ ਦੇ ਕੰਮਾਂ ਨੂੰ ਵੇਖ ਰਿਹਾ ਹੈ ਅਤੇ ਬੁਰਾਈ ਦਾ ਫਲ ਅਵੱਸ਼ ਭੁਗਤਣਾ ਪਵੇਗਾ। ਬੁੱਧ ਮੱਤ ਵਿਚ ਜਦ ਰੱਬ ਦੀ ਗੱਲ ਹੀ ਨਹੀਂ ਹੈ, ਤਾਂ ਬੁਰੇ ਪਾਸੇ ਜਾਣ ਤੋਂ ਡਰ ਕਾਹਦਾ? ਸੰਸਾਰ ਵਿਚ ਵਿਆਪੀ ਮਾਇਆ ਪ੍ਰਭੂ-ਹੀਨ ਸਦਾਚਾਰੀਆਂ ਉੱਤੇ ਆਪਣੇ ਪ੍ਰਭਾਵ ਪਾ ਲੈਂਦੀ ਹੈ।

ਇਸੇ ਤਰ੍ਹਾਂ ਪ੍ਰਭੂ ਨਾਲ ਜੁੜੇ ਹੋਏ ਵਿਅਕਤੀ, ਪ੍ਰਭੂ ਤੋਂ ਸ਼ਕਤੀ ਪ੍ਰਾਪਤ ਕਰ ਕੇ ਸਚਾਈ ਦੇ ਮਾਰਗ ਉਤੇ ਦ੍ਰਿੜ੍ਹਤਾ ਨਾਲ ਚਲਦੇ ਹਨ, ਉਹ ਨਿਰਭਉ ਅਤੇ ਨਿਰਵੈਰ ਹੋ ਕੇ ਵਿਚਰਦੇ ਹਨ, ਜ਼ੁਲਮਾਂ ਅੱਗੇ ਨਹੀਂ ਝੁਕਦੇ ਅਤੇ ਇਕ ਪ੍ਰਭੂ ਦੇ ਸਹਾਰੇ ਦੇ ਵਿਸ਼ਵਾਸ ਨਾਲ ਉਹ ਵੱਡੀ ਤੋਂ ਵੱਡੀ ਬੁਰਾਈ ਦੀ ਤਾਕਤ ਦੇ ਸਾਹਮਣੇ ਡਟ ਜਾਂਦੇ ਹਨ। ਦੂਜੇ ਬੰਨੇ 'ਨਿਰੇ ਗਿਆਨੀ' ਅਤੇ 'ਨਿਰੇ ਸਦਾਚਾਰੀ' ਕਈ ਵਾਰੀ ਜ਼ੁਲਮਾਂ ਅੱਗੇ ਝੁਕ ਜਾਂਦੇ ਹਨ।

**(6) ਪ੍ਰਾਚੀਨ ਦੇਵਤੇ ਅਤੇ ਗ੍ਰੰਥ :** ਬੁੱਧ ਮੱਤ ਆਪਣੇ ਤੋਂ ਪਹਿਲੇ ਪੂਜੇ ਜਾਂਦੇ ਦੇਵੀ-ਦੇਵਤਿਆਂ ਅਤੇ ਸਤਿਕਾਰੇ ਜਾਂਦੇ ਧਰਮ ਗ੍ਰੰਥਾਂ ਤੋਂ ਪੂਰੀ ਤਰ੍ਹਾਂ ਬਾਗੀ ਸੀ। ਮਹਾਤਮਾ ਬੁੱਧ ਨੇ ਲੋਕਾਂ ਨੂੰ ਉਪਦੇਸ਼ ਦਿਤਾ ਕਿ ਦੇਵੀ-ਦੇਵਤਿਆਂ ਨੂੰ ਕੇਵਲ ਇਸ ਲਈ ਹੀ ਨਹੀਂ ਪੂਜਣਾ ਚਾਹੀਦਾ ਕਿ ਲੋਕੀ ਉਨ੍ਹਾਂ ਨੂੰ ਮੰਨਦੇ ਹਨ ਅਤੇ ਪ੍ਰਚਲਤ ਧਰਮ ਗਰੰਥਾਂ ਦੀਆਂ ਸਿਖਿਆਵਾਂ ਨੂੰ ਕੇਵਲ ਇਸੇ ਲਈ ਹੀ ਨਹੀਂ ਮੰਨਣਾ ਚਾਹੀਦਾ ਕਿ ਹੋਰ ਲੋਕ ਉਨ੍ਹਾਂ ਨੂੰ ਮੰਨਦਾ ਹਨ, ਇਹ ਭੇਡ ਚਾਲ ਹੈ। ਹਰੇਕ ਕੰਮ ਸੋਚ ਸਮਝ ਕੇ ਕਰਨਾ ਚਾਹੀਦਾ ਹੈ। ਮਹਾਤਮਾ ਬੁੱਧ ਨੇ ਪਹਿਲੋਂ ਪ੍ਰਚੱਲਤ ਵਰਣ ਆਸ਼ਰਮ ਧਰਮ ਦਾ ਖੁੱਲ੍ਹ ਕੇ ਵਿਰੋਧ ਕੀਤਾ। ਉਨ੍ਹਾਂ ਨੇ ਜਾਤ-ਪਾਤ ਨੂੰ ਪੂਰੇ-ਜ਼ੋਰ ਨਾਲ ਨਿੰਦਿਆ, ਯੱਗਾਂ ਵਿਚ ਬਲੀਆਂ ਦੇਣ, ਕੁਦਰਤੀ ਸ਼ਕਤੀਆਂ ਦੀ ਪੂਜਾ, ਮੂਰਤੀ ਪੂਜਾ, ਬ੍ਰਾਹਮਣ ਦੇ ਸਮਾਜ ਵਿਚ ਵਿਸ਼ੇਸ਼ ਕਰ ਕੇ ਅਤੇ ਬ੍ਰਾਹਮਣ ਦੁਆਰਾ ਈਜ਼ਾਦ ਕੀਤੀਆਂ ਰੀਤਾਂ-ਰਸਮਾਂ ਸਭ ਦਾ ਡਟਵਾਂ ਵਿਰੋਧ ਕੀਤਾ। ਮਹਾਤਮਾ ਬੁੱਧ ਤੇ ਉਨ੍ਹਾਂ ਦੇ ਚੇਲਿਆਂ ਰੀਤਾਂ-ਰਸਮਾਂ ਸਭ ਦਾ ਡਟਵਾਂ ਵਿਰੋਧ ਕੀਤਾ। ਮਹਾਤਮਾ ਬੁੱਧ ਤੇ ਉਨ੍ਹਾਂ ਦੇ ਚੇਲਿਆਂ ਦੁਆਰਾ ਵੇਦਾਂ-ਸ਼ਾਸਤਰਾਂ-ਸਿਮ੍ਰਤੀਆਂ ਦੇ ਮੱਤ ਵਿਰੁਧ ਬਗਾਵਤ ਦਾ ਸਿਟਾ ਹੀ ਸੀ ਕਿ ਇਕ ਵਾਰ ਤਾਂ ਬ੍ਰਾਹਮਣੀ (ਹਿੰਦੂ) ਮੱਤ ਭਾਰਤ ਵਿਚੋਂ ਅਲੋਪ ਹੀ ਹੋ ਗਿਆ। ਇਸ ਪਖੋਂ ਬੁੱਧ ਮੱਤ ਗੁਰਮਤਿ ਦੇ ਬਹੁਤ ਨੇੜੇ ਹੈ।

**(7) ਬਾਣੀ ਗੁਰੂ:** ਸਿੱਖ ਧਰਮ ਵਿਚ ਬਾਣੀ-ਗੁਰੂਦੇ ਸਿਧਾਂਤ ਨੂੰ ਬਹੁਤ ਜ਼ੋਰ ਨਾਲ ਪ੍ਰਚਾਰਿਆ ਗਿਆ ਹੈ ਅਤੇ ਇਹ ਗੱਲ ਸਮਝਾਈ ਗਈ ਹੈ ਕਿ ਗੁਰੂਦਾ ਸਰੀਰ 'ਗੁਰੂ' ਨਹੀਂ ਹੁੰਦਾ, ਸਗੋਂ ਉਸ ਦੀ 'ਬਾਣੀ' (ਸਿਖਿਆ) ਹੀ ਗੁਰੂਹੁੰਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥**

**ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥** (ਨਟ ਮ : 4, ਪੰਨਾ 982)

ਕੁਝ ਇਸ ਨਾਲ ਰਲਦਾ ਮਿਲਦਾ ਵਿਸ਼ਵਾਸ ਹੀ ਬੋਧੀਆਂ ਵਿਚ ਪ੍ਰਚਲਤ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਮਹਾਤਮਾ ਬੁੱਧ ਦੇ ਮਹਾਂ-ਨਿਰਵਾਣ ਪ੍ਰਾਪਤੀ ਕਰਨ ਮਗਰੋਂ (ਮਿਰਤੂਮਰਗੋਂ) – ਉਸ ਦੀਆਂ ਸਿਖਿਆਵਾਂ (ਲੱਭਿਆ ਹੋਇਆ ਗਿਆਨ) ਹੀ ਉਨ੍ਹਾਂ ਦਾ ਗੁਰੂਹੈ। ਇੰਝ ਬੁੱਧ ਨੂੰ ਕਾਲ-ਰਹਿਤ ਸ਼ਖ਼ਸੀਅਤ ਕਰ ਕੇ ਮੰਨਦੇ ਹਨ। ਇਸ ਸਬੰਧ ਵਿਚ ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਮਹਾਤਮਾ ਬੁੱਧ ਨੇ ਆਪਣੀਆਂ ਸਿਖਿਆਵਾਂ ਦਾ ਆਪ ਕੋਈ ਗਰੰਥ ਨਹੀਂ ਤਿਆਰ ਕੀਤਾ ਅਤੇ ਸਮਾਂ ਪੈਣ ਮਗਰੋਂ ਇਹ ਸਿਖਿਆਵਾਂ ਬ੍ਰਾਹਮਣੀ ਧਰਮ ਦੀਆਂ ਸਿਖਿਆਵਾਂ ਨਾਲ ਰਲ-ਗਡ ਹੋ ਗਈਆਂ ਹਨ। ਇਸ ਬਾਰੇ ਬੋਧੀਆਂ ਵਿਚ ਵਾਦ-ਵਿਵਾਦ ਵੀ ਰਿਹਾ ਹੈ। ਖੋਟ ਨੂੰ ਕੱਢਣ ਲਈ ਅਤੇ ਬੁੱਧ ਦੀਆਂ 'ਅਸਲੀ ਸਿਖਿਆਵਾਂ' ਨੂੰ ਵੱਖ ਕਰਨ ਲਈ ਬੋਧੀ ਭਿਖਸ਼ੂਆਂ ਨੇ ਵਿਸ਼ੇਸ਼ ਯਤਨ ਕੀਤੇ ਹਨ ਅਤੇ ਉਸ ਦੇ ਵਿਸ਼ੇਸ਼ 5●● ਚੇਲਿਆਂ ਨੇ ਰਾਜ ਗ੍ਰਹਿ ਦੇ ਸ਼ਹਿਰ ਵਿਖੇ ਇਸ ਮੰਤਵ ਲਈ ਵੱਡਾ ਇਕੱਠ ਕੀਤਾ ਸੀ। ਦੂਜੇ ਬੰਨੇ ਸਿੱਖਾਂ ਕੋਲ ਆਪਣੇ ਗੁਰੂਸਾਹਿਬ ਦੀ ਬਾਣੀ ਅਤੇ ਉਨ੍ਹਾਂ ਦੁਆਰਾ ਪ੍ਰਵਾਨਿਤ ਬਾਣੀ ਆਪਣੇ ਸ਼ੁੱਧ ਰੂਪ ਵਿਚ ਮੌਜੂਦ ਹੈ। ਗੁਰੂਅਰਜਨ ਦੇਵ ਜੀ ਨੇ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬੀੜ ਦਾ ਆਪ ਸੰਪਾਦਨ ਕੀਤਾ ਸੀ। ਸਿੱਖ ਵਿਦਵਾਨਾਂ ਨੇ

ਇਸ 'ਬੀੜ' ਦੇ ਉਤਾਰੇ ਵੀ ਕੀਤੇ । ਇੰਝ ਗੁਰੂਸਾਹਿਬਾਨ ਦੀਆਂ ਸਿਖਿਆਵਾਂ, ਉਨ੍ਹਾਂ ਦਾ ਅਨੁਭਵੀ-ਗਿਆਨ ਸਿੱਖਾਂ ਕੋਲ ਆਪਣੇ ਸ਼ੁੱਧ ਰੂਪ ਵਿਚ ਮੌਜੂਦ ਹੈ।

(8) **ਪਰਚਾਰ ਢੰਗ :** ਸਿੱਖ ਧਰਮ ਦੀ ਤਰ੍ਹਾਂ ਬੁੱਧ ਮੱਤ ਵੀ ਇਕ ਪਰਚਾਰਕ ਮੱਤ ਹੈ। ਮਹਾਤਮਾ ਬੁੱਧ ਨੇ ਵੀ 'ਗਿਆਨ ਪ੍ਰਾਪਤੀ' ਮਗਰੋਂ ਆਪਣੇ ਵਿਚਾਰ ਨੂੰ ਪਰਚਾਰਨ ਦੇ ਵਿਸ਼ੇਸ਼ ਯਤਨ ਕੀਤੇ। ਉਨ੍ਹਾਂ ਨੇ ਦੇਸ਼ ਰਟਨ ਕੀਤਾ; ਉਹ ਰਾਜਿਆਂ ਨੂੰ ਮਿਲੇ, ਹੋਰ ਮੱਤਾਂ ਦੇ ਆਗੂਆਂ (ਵਿਸ਼ੇਸ਼ ਕਰਕੇ ਬ੍ਰਾਹਮਣਾਂ) ਨਾਲ ਗਿਆਨ-ਗੋਸ਼ਟੀਆਂ ਕੀਤੀਆਂ ਅਤੇ ਆਮ ਲੋਕਾਂ ਨੂੰ ਉਨ੍ਹਾਂ ਦੀ ਬੋਲੀ ਵਿਚ ਗੱਲ ਸਮਝਾਈ। ਧਰਮ ਪਰਚਾਰ ਲਈ ਵੱਖ ਵੱਖ ਬੋਲੀਆਂ ਨੂੰ ਆਪਣਾਇਆ । ਸੰਸਕ੍ਰਿਤ ਨੂੰ 'ਦੇਵ-ਬਾਣੀ' ਵਜੋਂ ਨਾ ਕਬੂਲਿਆ ਸਗੋਂ ਆਖਿਆ ਕਿ ਹਰੇਕ ਬੋਲੀ ਵਿਚ ਧਰਮ ਦੀ ਗੱਲ ਹੋ ਸਕਦੀ ਹੈ। ਧਰਮ ਪਰਚਾਰ ਲਈ ਹੀ ਉਨ੍ਹਾਂ ਨੇ ਥਾ-ਥਾਂ 'ਸੰਘ' ਸਥਾਪਤ ਕੀਤੇ।

ਸਾਡੇ ਪਹਿਲੇ ਗੁਰੂ, ਗੁਰੂਨਾਨਕ ਸਾਹਿਬ ਨੇ ਵੀ ਧਰਮ ਪਰਚਾਰ ਦਾ ਉਪ੍ਰੋਕਤ ਢੰਗ ਹੀ ਅਪਣਾਇਆ ਸੀ। 'ਸੰਘਾਂ' ਦੀ ਤਰ੍ਹਾਂ ਉਨ੍ਹਾਂ ਨੇ 'ਸੰਗਤਾਂ' ਸਥਾਪਿਤ ਕੀਤੀਆਂ ਸਨ। ਮਗਰੋਂ ਜਾ ਕੇ ਇਨ੍ਹਾਂ ਸੰਗਤਾਂ ਨੂੰ ਗੁਰੂਗੋਬਿੰਦ ਸਿੰਘ ਜੀ ਨੇ 'ਸਿੱਖ-ਪੰਥ' ਦੇ ਰੂਪ ਵਿਚ ਬਦਲ ਦਿਤਾ ਸੀ। ਜਿਵੇਂ ਪੰਥ ਵਿਚ ਸ਼ਾਮਲ ਹੋਣ ਲਈ ਪ੍ਰਣ ਲੈਣਾ ਪੈਂਦਾ ਹੈ ਅਤੇ ਰਹਿਤ ਮਰਯਾਦਾ ਦਾ ਧਾਰਨੀ ਹੋਣਾ ਪੈਂਦਾ ਹੈ; ਇਵੇਂ ਹੀ 'ਸੰਘ' ਦੇ ਮੈਂਬਰ ਬਣਨ ਲਈ ਵਿਸ਼ੇਸ਼ ਪ੍ਰਣ ਲੈਣੇ ਪੈਂਦੇ ਸਨ; ਜਿਹੜੇ ਬੰਦੇ ਪ੍ਰਣ ਤੋੜ ਦੇਣ, ਉਨਾਂ ਨੂੰ 'ਸੰਘ' ਤੋਂ ਬਾਹਿਰ ਸਮਝਿਆ ਜਾਂਦਾ ਸੀ।

(9) **ਮੰਦਰਾਂ ਦੀ ਬਣਤਰ :** ਬੁੱਧ ਮੱਤ ਤੋਂ ਪਹਿਲਾਂ ਹਿੰਦੂਮੰਦਰਾਂ ਦਾ ਕੇਵਲ ਇਹ ਹੀ ਦਰਵਾਜ਼ਾਹੁੰਦਾ ਸੀ; ਤੇ ਉਹ ਵੀ ਪੂਰਖ ਦਿਸ਼ਾ ਵੱਲ ਰਖਿਆ ਜਾਂਦਾ ਸੀ। ਬੁੱਧ ਮੱਤ ਨੇ ਆਪਣੇ ਧਰਮ ਮੰਦਰਾ (ਪੈਗੋਡਿਆਂ) ਦੇ ਚੌਹਾਂ ਦਿਸ਼ਾਂ ਵਿਚ ਇਕ ਇਕ ਕਰਕੇ ਚਾਰ ਦਰਵਾਜ਼ੇ ਰੱਖੇ ਤੇ ਚੌਹਾਂ ਵਰਣਾਂ ਲਈ ਹੀ ਖੋਲ੍ਹ ਦਿਤੇ। ਜਨ- ਸਾਧਾਰਨ ਇਨ੍ਹਾਂ ਮੰਦਰਾਂ ਵਿਚ ਦਾਖਲ ਹੋ ਕੇ ਪੂਜਾ-ਪਾਠ ਕਰ ਸਕਦਾ ਸੀ, ਜਦੋਂ ਕਿ ਹਿੰਦੂਆਂ ਦੇ ਮੰਦਰਾਂ ਵਿਚ ਸ਼ੂਦਰ ਤਾਂ ਦਾਖਲ ਹੀ ਨਹੀਂ ਸਨ ਹੋ ਸਕਦੇ ਅਤੇ ਪੂਜਾ-ਪਾਠ ਦਾ ਅਧਿਕਾਰ ਵੀ ਕੇਵਲ ਬ੍ਰਾਹਮਣ ਕੋਲ ਸੀ। (ਮਗਰੋਂ ਜਾ ਕੇ ਚਾਰ ਦਰਵਾਜ਼ਿਆਂ ਵਾਲੀ ਪਰਪਾਟੀ ਬੰਦ ਹੋ ਗਈ ਸੀ) ਬੋਧ-ਮੰਦਰਾਂ ਦੀ ਤਰ੍ਹਾਂ ਸਿੱਖਾਂ ਦੇ ਗੁਰਦੁਆਰੇ ਵੀ ਸਭ ਵਰਨਾਂ ਲਈ ਖੁੱਲ੍ਹੇ ਹਨ ; ਕਿਸੇ ਵੀ ਵਰਣ, ਨਸਲ, ਦੇਸ਼ ਦਾ ਹਰ ਮਨੁੱਖ-ਇਸਤਰੀ ਗੁਰਦੁਆਰੇ ਵਿਜ ਜਾ ਕੇ ਕਥਾ-ਕੀਰਤਨ ਸੁਣ ਸਕਦਾ ਹੈ) ਪਾਠ ਵੀ ਕਰ ਸਕਦਾ ਹੈ। ਸਾਡੇ ਉਘੇ ਧਰਮ ਅਸਥਾਨ-ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੇ ਵੀ ਚਾਰੋਂ ਦਿਸ਼ਾਵਾਂ ਵਿੱਚ ਚਾਰ ਹੀ ਦਰਵਾਜ਼ੇ ਹਨ। ਸੋ, ਇਸ ਪੱਖੋਂ ਵੀ ਦੋਹਾਂ ਧਰਮਾਂ ਵਿਚ ਸਾਂਝ ਵਿਖਾਈ ਦਿੰਦੀ ਹੈ।

**ਸਿੱਖ ਅਤੇ ਸਿੰਘ ਪਦ :** ਬੁੱਧ ਮੱਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਿੱਖ (ਸ਼ਿਸ਼) ਪਦ ਕੇਵਲ ਵਿਦਿਆਰਥੀ ਜਾਂ ਚੇਲੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਸੀ। ਬੁੱਧ ਜੀ ਨੇ ਇਸਨੂੰ 'ਸਚਾਈ-ਮਾਰਗ ਦੇ ਪਾਂਧੀ' ਦੇ ਉਚੇ ਅਰਥਾਂ ਵਿਚ ਵਰਤਿਆ। ਇਸੇ ਤਰ੍ਹਾਂ ਹੀ ਸਿੰਘ' ਪਦ ਨੂੰ ਬੋਧੀ ਸਾਹਿਤ ਵਿਚ ਨਿਰਵਾਣ ਹਾਸਿਲ ਕਰ ਚੁੱਕੇ ਸਿੱਖ ਲਈ ਵਰਤਿਆ ਹੈ। ਕਿਹਾ ਹੈ ਕਿ ਜਿਹੜਾ ਬੋਧੀ ਨਿਰਵਾਣ ਪ੍ਰਾਪਤ ਕਰਕੇ, ਸਚਾਈ ਦਾ ਸਿੰਘ ਨਾਦ (ਗਰਜ) ਵਜਾਉਂਦਾ ਹੈ ਅਤੇ ਸਚਾਈ ਦੇ ਮਾਰਗ ਨੂੰ ਪਰਚਾਰਨ ਲਈ ਦੇਸ਼ ਪ੍ਰਦੇਸ਼ ਦਾ ਰਟਨ ਕਰਦਾ ਹੈ, ਉਹ ਸਿੰਘ ਹੈ।

ਸਿੱਖ ਗੁਰੂਸਾਹਿਬਾਨ ਨੇ ਵੀ 'ਸਿੱਖ' ਸ਼ਬਦ 'ਰੱਬੀ ਮਾਰਗ ਦੇ ਪਾਂਧੀਆਂ' ਲਈ ਵਰਤਿਆ ਹੈ, ਜੋ ਗੁਰੂ-ਦੱਸੇ ਰਸਤੇ (ਪੰਧ) ਉੱਤੇ ਚੱਲਕੇ ਪ੍ਰਭੂਨਾਲ ਇਕ-ਮਿਕ ਹੋਣ ਦਾ ਯਤਨ ਕਰਦੇ ਹਨ। ਖਾਲਸਾ-ਪੰਥ ਦੀ ਸਾਜਨਾ ਮਗਰੋਂ 'ਸਿੱਖ' ਨੂੰ ਹੀ 'ਸਿੰਘ' ਵਿਚ ਬਦਲ ਦਿਤਾ ਗਿਆ ਸੀ। ਸਿੱਖ ਧਰਮ ਦਾ ਸਿੰਘ ਜਿਥੇ ਸਤਿ ਦਾ ਧਾਰਨੀ ਹੈ, ਅਤੇ ਸਤਿ ਦਾ ਪਰਚਾਰਕ ਹੈ, ਉਥੇ ਬੁਰਾਈ ਦੀਆਂ ਤਾਕਤਾਂ ਨਾਲ ਲੋਹਾ ਲੈ ਕੇ, ਉਨ੍ਹਾਂ ਨੂੰ ਸ਼ੇਰ ਦੀ ਤਰ੍ਹਾਂ ਪਛਾੜ ਕੇ ਜਿੱਤ ਹਾਸਲ ਕਰਦਾ ਹੈ-ਜਦੋਂ ਤੱਕ ਜਿੱਤ ਪ੍ਰਾਪਤ ਨਾ ਕਰ ਸਕੇ ਉਦੋਂ ਤਕ ਸੰਘਰਸ਼ ਵਿਚ ਜੁੱਟਿਆ ਰਹਿੰਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਬੋਧੀਆਂ ਉੱਤੇ ਬ੍ਰਾਹਮਣੀ ਰਾਜਿਆਂ ਨੇ ਜ਼ੁਲਮ ਕੀਤੇ, ਤਾਂ ਉਹ ਆਪਣੀ ਜਨਮ-ਭੂਮੀ ਛੱਡ ਕੇ ਨੱਸ ਗਏ ਤੇ ਬੁੱਧ ਧਰਮ ਭਾਰਤ ਵਿਚੋਂ ਅਲੋਪ ਹੀ ਹੋ ਗਿਆ। ਇਸਦੇ ਟਾਕਰੇ ਵਿਚ ਜਦੋਂ ਸਿਖ ਧਰਮ ਦੇ 'ਸਿੰਘਾਂ' ਉੱਤੇ ਜ਼ੁਲਮ ਹੋਏ, ਤਾਂ ਉਨ੍ਹਾਂ ਕਦੇ ਵੀ ਹਥਿਆਰ ਨਾ ਸੁੱਟੇ ਸਗੋਂ ਜ਼ੁਲਮਾਂ ਦਾ ਪੂਰੀ ਸ਼ਕਤੀ ਨਾਲ ਟਾਕਰਾ ਕੀਤਾ। ਸਿੱਖ ਧਰਮ ਨੂੰ ਖਤਮ ਕਰਨ ਦੇ ਫੁਰਮਾਨ ਜਾਰੀ ਹੋਏ, ਸਿੰਘਾਂ ਨੂੰ ਖਤਮ ਕਰਨ ਲਈ ਗਸ਼ਤੀ -ਫੌਜਾਂ ਉਨ੍ਹਾਂ ਦਾ ਖੁਰਾ-ਖੋਜ ਮਿਟਾਉਣ ਦਾ ਯਤਨ ਕਰਦੀਆਂ ਰਹੀਆਂ, ਉਨ੍ਹਾਂ ਨੂੰ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਵੱਡੇ ਅਤੇ ਛੋਟੇ ਘਲੂਘਾਰੇ ਸਮੇਂ ਇਕ-ਇਕ ਦਿਨ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋਏ-ਪਰ ਸਿੰਘਾਂ ਨੇ ਹਾਰ ਨਹੀਂ ਮੰਨੀ ਤੇ ਅੰਤ ਪੰਜਾਬ-ਦੇਸ਼ ਉੱਤੇ ਆਪਣਾ ਰਾਜ ਸਥਾਪਿਤ ਕੀਤਾ।

ਇਹ ਅੰਤਰ ਹੈ ਬੁੱਧ ਮੱਤ ਅਤੇ ਸਿੱਖ ਧਰਮ ਦੇ 'ਸਿੰਘਾਂ' ਵਿਚ।

ਸਿੱਖ ਧਰਮ ਦੀ ਬੁੱਧ ਮੱਤ ਨਾਲ ਤੁਲਨਾ ਮਗਰੋਂ ਜਿਹੜੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਜਿਥੇ ਸਿਧਾਂਤਕ ਪੱਖ ਤੋਂ ਦੋਹਾਂ ਵਿਚ ਬਹੁਤ ਅੰਤਰ ਹੈ, ਉਥੇ ਅਮਲੀ ਪੱਖ (ਸਿਧਾਂਤਾਂ ਦਾ ਪਰਚਾਰ, ਸੰਭਾਲ, ਬ੍ਰਾਹਮਣੀ ਧਰਮ ਦੀਆਂ ਰੀਤਾਂ, ਰਸਮਾਂ, ਕਰਮ-ਕਾਂਡਾਂ, ਪ੍ਰਤਿ ਰਵੱਈਆ, ਰਹਿਤ ਮਰਯਾਦਾ ਦੀ ਲੋੜ) ਵਿਚ, ਦੋਹਾਂ ਵਿਚ ਕਾਫੀ ਸਾਂਝ ਹੈ।


**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882